੧ਓ ਸ੍ਰੀ ਵਾਹਿਗੁਰੂ ਜੀ ਕੀ ਫਤਹ ॥

ਖਾਲਸਾ ਅਖਬਾਰ ਲਾਹੌਰ

ਮੁਲ ਸਾਲਾਨਾ ੪॥ — ਸਪਤਾਹਕ ਪਤ੍ਰ — ਸਾਕਾ ੨੧

ਨੰਬਰ ੨੭ | ਕੱਤਕ ੬ ਸੰ: ਬਿ: ੧੯੪੫ ਅਕਤੂਬਰ ੨੦ ਸਨ ੧੮੮੮ ਈ: | ਲਿਸਟੀ

ਖਬਰਾਂ

ਖਾਲਸਾ ਸਕੂਲ ਅੰਮ੍ਰਿਤਸਰ ਦੇ ਖੋਲਨ ਦਾ ਜਲਸਾ ੨੨ ਅਕਤੂਬਰ ਸੰ: ੮੮ ਈ: ਨੂੰ ਅੰਮ੍ਰਿਤਸਰ ਜੀ ਦੇ ਵਿਚ ਵਡੀ ਧੂਮ ਧਾਮ ਨਾਲ ਹੋਇਆ ॥

ਸਾਰੇ ਪੰਜਾਬ ਦੀ ਮੁਤਬਰ ਅਤੇ ਆਦਿਲ ਨੇ ਅੰਮ੍ਰਿਤਸਰ ਜੀ ਦੇ ਵਿਚ ਤੰਬੂ ਆਣ ਲਾਏ ਹਨ ਜਿਨਾ ਦੇ ਉਥੇ ਨੂਰ ਲਗ ਰਹੇ ਹਨ ਵਿਦਿਆਰਥੀ ਜਤਨ ਕਰ ਰਹੇ ਹਨ ਅਕਾਲਪੁਰਖ ਕਾਮਯਾਬ ਕਰੇ ॥

ਸ੍ਰੀ ਹਜੂਰ ਮਹਾਰਾਜਾ ਨਾਭਾ ਦੇ ਗੁਰਮੁਖੀ ਦਫਤਰ ਬਣਨ ਪਰ ਭਾਈ ਹਰਕ ਸਿੰਘ ਸਾਹਿਬ ਤ੍ਰਿਹੁੰ ਸੌ ਜੀਆਂ ਦੀ ਪਾਲਨਾ ਕਰਦੇ ਹਨ ॥

ਲੋਹਾਰੀ ਗੇਟ ਖਾਂ ਜਿਥੇ ਮੁਨਸਫੀ ਮੁਨਸ਼ੀ ਦਾ ਜੋਰ ਹੈ ਉਥੇ ਭਾਈ ਦਰਬਾਰਾ ਸਿੰਘ ਸਾਹਿਬ ਉਪਦੇਸਕ ਸਿੰਘ ਸਭਾ ਮੁਲਤਾਨ ਨੇ ਖਾਲਸਾ ਧਰਮ ਪਰ ਵਡਾ ਭਾਰੀ ਵਖਿਆਨ ਦਿਤਾ ਜਿਸ ਮੈਂ ਆਦਮੀ ਦੇ ਲਗ ਭਗ ਇਕਠੇ ਹੋਏ ਹੋਏ ਸਨ ॥

੨੩ ਅਕਤੂਬਰ ਨੂੰ ਸ੍ਰੀ ਗੁਰੂ ਸਿੰਘ ਸਭਾ ਫੀਰੋਜਪੁਰ ਵਿਚ ਸਰਦਾਰ ਬਿਸਨ ਸਿੰਘ ਸਾਹਿਬ ਵਕੀਲ ਨੇ ਵਖਿਆਨ ਇਸ ਵਿਖਯ ਪਰ ਦਿਤਾ ਕਿ ਕੁਰਾਹੀ ਮਿਰਜਈ ਵਲੋਂ ਪੁਰਸ਼ਾਂ ਨੂੰ ਗੁਰੂ ਸਾਹਿਬ ਮਾਫਕ ਰਖੀਏ ॥

੨੪ ਅਕਤੂਬਰ ਨੂੰ ਫੀਰੋਜਪੁਰ ਦੇ ਸਰਦਾਰ ਸ਼ਰ ਬਾਬੂ ਸਾਹਿਬ ਨੇ ਗਰਲ ਸਕੂਲ ਦੀਆਂ ਲੜਕੀਆਂ ਨੂੰ ਪਾਰਤੋਸਕ ਕਰਕੇ ਲਡੂ ਦਿਤੇ ॥

੨੨ ਅਕਤੂਬਰ ਨੂੰ ਸ੍ਰੀ ਗੁਰੂ ਸਿੰਘ ਸਭਾ ਛਾਉਣੀ ਦਾ ਜਲਸਾ ਵਡੀ ਧੂਮ ਧਾਮ ਨਾਲ ਹੋਇਆ ਜਿਸ ਵਿਚ ਭਾਈ ਮਾਨ ਸਿੰਘ ਸਾਹਿਬ ਨੇ ਕੌਮ ਅਤੇ ਕੌਮਾਂ ਦਾ ਅਖਬਾਰ ਸੁਣਾਇਆ ਅਤੇ ਸਰਦਾਰ ਸਰਮੁਖ ਸਿੰਘ ਸਾਹਿਬ ਨੇ ਵਿਦਿਆ ਅਤੇ ਖਾਲਸਾ ਕਾਲਜ ਪਰ ਵਖਿਆਨ ਦਿਤਾ ॥

ਦੋ ਸਿੰਘ ਸਭਾਂ ਰਿਆਸਤ ਛਛਰੌਲੀ ਵਿਚ ਹੋਰ ਕਾਇਮ ਹੋਈਆਂ, ਇਕ ਖਾਦਰ ਜਿਸਦੇ ਪ੍ਰੈਜੀਡੈਂਟ ਸਰਦਾਰ ਆਸਾ ਸਿੰਘ ਸਾਹਿਬ ਜੇਲਦਾਰ ਖਾਦਰ ਅਤੇ ਦੂਜੀ ਬਾਂਗਰ ਦਾ ਜਿਸਦੇ ਪ੍ਰੈਜੀਡੈਂਟ ਸਰਦਾਰ ਪਾਲ ਸਿੰਘ ਜੀ ਹੋਏ ॥

ਕਾਬੁਲ ਦੀ ਕਮਿਸਨ ਕੋਇਟੇ ਵਿਚੋਂ ਦੀ ਸਿਮਲੇ ਜਾਏਗਾ ਅਤੇ ਕੋਇਟੇ ਵਿਚ ਹਾਂ ਪੰਜ ਦਿਨ ਆਇਕੇ ਠਹਿਰੇਗੀ ॥

ਜੋ ਅਮੀਰ ਕਾਬੁਲ ਦੀ ਜਮਾਨਤ ਵਾਲੇ ਲੋਕ ਹੀ ਪਾਰ ਗਏ ਸੋ ਉਨਾ ਨੂੰ ਕਾਬਲ ਵਲੋਂ ਤੋੜ ਦਿਤਾ ਹੈ ਵੇਖੀਏ ਉਨਾ ਦਾ ਉਥੇ ਕੀ ਹਾਲ ਹੁੰਦਾ ਹੈ ॥

੨੦ ਅਕਤੂਬਰ ਨੂੰ ਮੇਜਰ ਜਨਰਲ ਸ਼ੇਰ ਸਾਹਿਬ ਬਹਾਦਰ ਕੋਇਟੇ ਤੋਂ ਕਲਾਤ ਵਲ ਸੈਰ ਕਰਨ ਵਾਸਤੇ ਰਵਾਨਾ ਹੋ ਗਏ ਹਨ ॥

ਸ੍ਰੀ ਗੁਰੂ ਸਿੰਘ ਸਭਾ ਕੋਇਟੇ ਨੇ ਇਕ ਤਿੰਨ ਸਾਲ ਦੇ ਪਤਤ ਪੁਰਖ ਨੂੰ ਸੁਧ ਕੀਤਾ ਅਤੇ ਅੰਮ੍ਰਿਤ ਛਕਾਇਆ ਸਭ ਪੰਥ ਦੀ ਜੈ ਜੈਕਾਰ ਹੈ ॥

ਕੋਇਟੇ ਵਿਚ ਇਕ ਆਦਮੀ ਨੂੰ ਤੀਹ ਸੌ ਰੁਪਏ ਦੀ ਚੋਰੀ ਕਰਾਉਣ ਪਰ ਤਿੰਨ ਮਹੀਨੇ ਦੀ ਸਖਤ ਕੈਦ ਹੋਈ ॥

ਅਖਬਾਰ ਧਰਮ ਜੀਵਨ ਪਰ ਨਾਲਿਸ਼

ਸਾਨੂੰ ਖਬਰ ਮਿਲੀ ਹੈ ਜੋ ਅਖਬਾਰ ਧਰਮ ਜੀਵਨ ਵਿਚ ਸਰਦਾਰ ਹੀਰਾ ਸਿੰਘ ਸਾਹਿਬ ਵਕੀਲ ਫੀਰੋਜਪੁਰ ਦੀ ਹਤਕ ਲਿਖੀ ਹੈ ਜਿਸ ਪਰ ਸਰਦਾਰ ਸਾਹਿਬ ਨੇ ਉਸ ਅਖਬਾਰ ਦੇ ਪ੍ਰੋਪ੍ਰਾਈਟਰ ਅਤੇ ਐਡੀਟਰ ਪਰ ਨਾਲਿਸ਼ ਕੀਤੀ ਹੈ ਅਤੇ ਵਰੰਟ ਭੇਜੇ ਗਏ ਹਨ

ਅਖਬਾਰ ਧਰਮ ਜੀਵਨ ਹਮੇਸ਼ਾਂ ਹੀ ਝੂਠੀ ਹਮਲੇ ਕਰਦਾ ਰਹਿੰਦਾ ਹੈ ਜੋ ਇਸ ਦਾ ਫਲ ਛੇਤੀ ਹੀ ਹੋਣਾ ਸੀ ਜੈਸਾ ਕਰੇ ਤੈਸਾ ਭਰੇ ॥

ਮਹਾਰਾਜਾ ਦਲੀਪ ਸਿੰਘ ਸਾਹਿਬ ਦੀ ਅਕਾਲ ਮਿਰਤੂ

ਮਹਾਰਾਜਾ ਸਾਹਿਬ ਦਾ ਇਸ ਸੰਸਾਰ ਤੋਂ ਚਲਾਣਾ ੨੨ ਅਕਤੂਬਰ ਸੰ: ੧੮੯੩ ਈ: ਨੂੰ ਪੈਰਸ ਦੇ ਇਕ ਹੋਟਲ ਵਿਚ ਹੋਇਆ ਇਨ੍ਹਾਂ ਦੀ ਅਕਾਲ ਮਿਰਤੂ ਪਰ ਉਹ ਕੌਣ ਆਦਮੀ ਹੈ ਜੋ ਸੁਣਕੇ ਅਫਸੋਸ ਨਹੀਂ ਕਰਦਾ ਮਹਾਰਾਜਾ ਦਲੀਪ ਸਿੰਘ ਸਾਹਿਬ ਉਸ ਮਹਾਰਾਜਾ ਰਣਜੀਤ ਸਿੰਘ ਸਾਹਿਬ ਸ਼ੇਰੇ ਪੰਜਾਬ ਦੇ ਪੁਤ੍ਰ ਸੇ ਜਿਨਾਂ ਦੇ ਨਗਾਰੇ ਦੀ ਚੋਟ ਦੇ ਅਗੇ ਬਲਖ ਅਤੇ ਬੁਖਾਰਾ ਗਜ਼ਨੀ ਅਤੇ ਕਾਬੁਲ ਦੇ ਪਹਾੜ ਕੰਬਦੇ ਸਨ, ਮਹਾਰਾਜਾ ਰਣਜੀਤ ਸਿੰਘ ਸਾਹਿਬ ਕੋਈ ਆਮ ਰਾਜਾ ਯਾ ਮਹਾਰਾਜ ਨਹੀਂ ਸੀ ਪਰੰਤੂ ਉਹ ਐਸੇ ਪ੍ਰਤਾਪੀ ਮਹਾਰਾਜ ਸੀ ਜਿਸਦੇ ਫੌਜੀ ਅਫਸਰ ਸਰਦਾਰ ਹਰੀ ਸਿੰਘ ਨਲੂਏ ਜੈਸੇ ਅਜੇਹੇ ਬਹਾਦਰ ਸੇ ਜਿਨਾਂ ਨੇ ਕਾਬੁਲ ਦੇ ਹਾਥੀਆਂ ਨੂੰ ਅਪਨੇ ਸ਼ੇਰਾਂ ਦੇ ਪਾਣੀਆਂ ਨਾਲ ਪਿਛਾਹਾਂ ਰੋਕ ਛਡਿਆ ਸੀ, ਤਾਰੀਖ ਸਾਨੂੰ ਪੁਕਾਰ ੨ ਦਸ ਰਹੀ ਹੈ ਕਿ ਮਹਾਰਾਜਾ ਰਣਜੀਤ ਸਿੰਘ ਅਜੇਹਾ ਫਤਹ ਨਸੀਬ ਸੀ ਜੋ ਉਸਨੇ ਹਰ ਇਕ ਲੜਾਈ ਵਿਚ ਪਿਠ ਨਹੀਂ ਦਿਖਾਈ ਅਤੇ ਸਦਾ ਹੀ ਉਸਦੇ ਸਾਮ੍ਹਨੇ ਦੁਸ਼ਮਨ ਦੀ ਪਿਠ ਰਹੀ ਹੈ।

ਉਸਦੇ ਜੀਊਂਦਿਆਂ ਹਿੰਦੁਸਤਾਨ ਦੀ ਕੋਈ ਤਾਕਤ ਨਹੀਂ ਸੀ ਜੋ ਉਸਦੇ ਸੂਰਜ ਜੇਹੇ ਪ੍ਰਕਾਸ਼ ਦੇ ਅੱਗੇ ਅਪਨੇ ਆਪ ਨੂੰ ਰੌਸ਼ਨ ਦੀਵੇ ਦੀ ਤਰਹ ਨਾ ਬਨਾਉਂਦੀ ਪਰੰਤੂ ਮਗਰ ਦੀ ਮਾਇਆ ਅਤੇ ਬ੍ਰਿਖ ਦੀ ਸਾਇਆ ਦੀ ਤਰਹ ਉਨਾਂ ਦੇ ਅਖੀ ਮੀਟਨੇ ਦੀ ਦੇਰ ਅਤੇ ਅੰਧੇਰ ਦੇ ਪੈਨ ਦੀ ਵਾਰੀ ਆਈ ਗਈ ਇਸ ਮਹਾਰਾਜਾ ਦੀ ਉਮਰ ਦੇ ਮੁਕਣੇ ਪਰ ਹੀ ਖਾਲਸਾ ਹਕੂਮਤ ਦਾ ਖਾਤਮਾ ਹੋ ਗਿਆ ਪਹਿਲੇ ਤਾਂ ਬਹੁਤ ਸਾਰੇ ਸੂਰਬੀਰ ਉਸਦੇ ਪਿਆਰੇ ਪੁਤ੍ਰ ਪੋਤ੍ਰੇ ਅਪਨੇ ਹੀ ਅਹਿਲਕਾਰਾਂ ਦਾ ਸ਼ਿਕਾਰ ਹੋ ਗਏ ਅਤੇ ਬਾਕੀ ਦਾ ਰਹਿੰਦਾ ਫੌਜੀ ਹਿੱਸਾ ਸਰਕਾਰ ਅੰਗ੍ਰੇਜ਼ੀ ਨਾਲ ਲੜਨ ਪਰ ਖਪਾ ਦਿਤਾ ਗਿਆ, ਜਿਸ ਪਰ ਇਸ ਮਹਾਰਾਜਾ ਦਲੀਪ ਸਿੰਘ ਸਾਹਿਬ ਨੂੰ ਬਰਪਨ ਵਿਚ ਹੀ ਵਲਾਇਤ ਪਹੁੰਚਾਇਆ ਗਿਆ, ਜਿਥੇ ਸਰਕਾਰ ਨੇ ਇਨਾਂ ਨੂੰ ਖਾਣ ਦਾ ਵਜ਼ੀਫ਼ਾ ਦਿਤਾ ਅਤੇ ਘਰ ਤੇ ਬੇਘਰ ਬੇ ਗੁਜ਼ਰਾ ਉਮਰ ਕੈਦੀ ਨੂੰ ਅਪਨੇ ਬਾਪ ਦਾ ਦੇਸ ਯਾ ਅਪਨਾ ਘਰ ਬਾਰ ਫਿਰ ਦੇਖਨਾ ਨਸੀਬ ਨ ਹੋਇਆ, ਪਰੰਤੂ ਇਕ ਵੇਰ ਜਦ ਦੇਖਣ ਦਾ ਇਰਾਦਾ ਭੀ ਕੀਤਾ ਤਾਂ ਉਸਦੀ ਕੁਦਰਤ ਕਿਸਮਤ ਨਾਲ ਇਜੇਹੇ ਮਿਤ੍ਰੀ ਮਿਲੇ ਜਿਸ ਦਾ ਫਲ ਉਸਨੂੰ ਉਲਟਾ ਮਿਲਿਆ॥

ਪਰੰਤੂ ਅਜ ੨੨ ਅਕਤੂਬਰ ਸੰ: ੯੩ ਈ: ਨੂੰ ਉਸਦੀ ਉਮੈਦ ਯਾ ਉਸਦਾ ਮਹਾਰਾਜਾ ਰਣਜੀਤ ਸਿੰਘ ਦੇ ਪੁੱਤ੍ਰ ਹੋਣ ਦਾ ਜੋ ਸੰਬੰਧ ਸੀ ਉਹ ਜੰਜੀਰ ਟੁਟ ਗਈ ਅਤੇ ਮਹਾਰਾਜਾ ਰਣਜੀਤ ਸਿੰਘ ਦੇ ਨਾਮ ਰਖਨ ਦਾ ਜੋ ਇਕ ਛੋਟਾ ਨਿਸ਼ਾਨ ਸੀ ਸੋ ਟੁਟ ਗਿਆ, ਉਹ ਮਹਾਰਾਜਾ ਜਿਸਦੇ ਬਾਪ ਦੇ ਲਸ਼ਕਰ ਪੰਜਾਬ ਵਿਚ ਦਰਯਾਵਾਂ ਦੀ ਤਰਹ ਠਾਠਾਂ ਮਾਰਦੇ ਸੇ ਉਹ ਬਲ ਮਰਦਾਂ ਜੇਹੇ ਜੋ ਬਾਜ਼ ਦੇ ਖੇਤ ਦੰਗ ਖੜੇ ਸਨ ਉਸ ਮਹਾਰਾਜਾ ਦਾ ਪੁਤ੍ਰ ਇਕ ਹੋਟਲ ਵਿਚ ਅਪਨੀ ਜਾਨ ਦਿੰਦਾ ਹੈ ਜਿਥੇ ਉਸਦੇ ਮੂੰਹ ਵਿਚ ਪਾਣੀ ਪਾਉਣ ਵਾਲਾ ਭੀ ਕੋਈ ਨਹੀਂ ਹੈ, ਆਖਰੀ ਸਮੇਂ ਪਰ ਉਸਦਾ ਮੂੰਹ ਦੇਖਣੇ ਵਾਲੀ ਰਾਣੀ ਅਤੇ ਪੁਤ੍ਰ ਉਸਦੇ ਸੈਂਕੜੇ ਕੋਹ ਪਰ ਬੈਠੇ ਹਨ ਅਤੇ ਉਹ ਇਜੇਹੀ ਮੌਤ ਮਰਦਾ ਹੈ ਜੋ ਕੋਈ ਉਸਦੀ ਜੋ ਬ੍ਰਿਧ ਪਰ ਹੋ ਕੋਈ ਭੀ ਅਫਸੋਸ ਕਰਨ ਵਾਲਾ ਭੀ ਨਹੀਂ ਹੈ।

ਏਹ ਪੰਜਾਬ ਤੇ ਤਾਂ ਤਾਰੀਖੀ ਸੰਬੰਧ ਜੋ ਮਹਾਰਾਜਾ ਰਣਜੀਤ ਸਿੰਘ ਸਾਹਿਬ ਨਾਲ ਸੀ ਜੋ ੨੨ ਅਕਤੂਬਰ ਨੂੰ ਟੁੱਟ ਗਿਆ ਹੈ ਅਤੇ ਸਰਕਾਰ ਅੰਗ੍ਰੇਜ਼ੀ ਪਾਸ ਜੋ ਇਕ ਪੰਜਾਬ ਦੇ ਮਹਾਰਾਜਾ ਦਾ ਪੁੱਤ੍ਰ ਪੁਰਾਣਾ ਇਕ ਨਮੂਨਾ ਸੀ (ਸੋ ਨਿਖੁੱਟ ਗਿਆ ਹੈ ਜਿਸ ਤੇ ਅਫਸੋਸ ਹੀ ਬਾਕੀ ਰਹਿ ਗਿਆ ਹੈ ਜੈਸਾ ਕਿ ਸਿਵਲ ਮਿਲਟਰੀ ਲਿਖਦਾ ਹੈ ਕਿ ਮਹਾਰਾਜਾ ਦਲੀਪ ਸਿੰਘ ਵਡੇ ਉਦਾਰ ਅਤੇ ਅੱਛੇ ਗੁਣਾਂ ਵਾਲੇ ਸਨ ਉਨਾਂ ਵਿਚ ਕੋਈ ਬੁਰਾਈ ਨਹੀਂ ਸੀ ਪਰੰਤੂ ਉਨਾਂ ਦੀ ਉਦਾਰਤਾ ਅਤੇ ਖੁਸ਼ਮਜ਼ਾਜੀ ਹੀ ਹੱਦ ਤੋਂ ਜਿਆਦਾ ਵਧ ਕਰਕੇ ਉਨਾਂ ਦਾ ਨੁਕਸਾਨ ਬਨਕੇ ਦਿਖਾਈ ਦਿੰਦੀ ਸੀ) ਇਸ ਵਾਸਤੇ ਅਸੀਂ ਮਹਾਰਾਜਾ ਦੀ ਅਕਾਲ ਮਿਰਤੂ ਪਰ ਦਿਲੀ ਅਫਸੋਸ ਪ੍ਰਗਟ ਕਰਦੇ ਹਾਂ ਅਤੇ ਸ੍ਰੀ ਸਾਹਿਬ ਦੇ ਇਸ ਸਬਦ ਨੂੰ ਯਾਦ ਕਰਦੇ ਹਾਂ (ਰਾਮ ਗਇਓ ਰਾਵਨ ਗਇਓ ਜਾਕੇ ਬਹੁ ਪਰਵਾਰਾ ਕਹੁ ਨਾਨਕ ਕਿਛੁ ਥਿਰ ਨਹੀਂ ਸੁਪਨੇ ਜਿਉਂ ਸੰਸਾਰ)॥

ਮੇਂਹ ਅਖਬਾਰ ਦਾ

[illegible]	[illegible]	[illegible]	[illegible]	ਜ਼ਿਲਾ
[illegible]	[illegible]	[illegible]	[illegible]	ਅੰਮ੍ਰਿਤਸਰ
[illegible]	[illegible]	[illegible]	[illegible]	ਫ਼ਿਰੋਜ਼ਪੁਰ
[illegible]	[illegible]	[illegible]	[illegible]	ਲਾਹੌਰ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਉਪਦੇਸ

ਕਤਕ ੧੬ ਸੰ: ਨਾ: ੪੨੪

ਸਾਰੇ ਦੇਸ ਵਿੱਚ ਸਭ ਤੇ ਵਧਕੇ ਲੋਕਾਂ ਨੇ ਦੂਰ ਕਰਨ ਦਾ ਪਾਪ ਨਾਸਨ ਦਾ ਸਾਧਨ ਤੀਰਥ ਇਸਨਾਨ ਨੂੰ ਸਮਝਿਆ ਹੈ ਜਿਸ ਵਾਸਤੇ ਘਰ ਬਾਰ ਨੂੰ ਛਡਕੇ ਤੀਰਥ ਯਾਤ੍ਰਾ ਲਈ ਜਾਂਦੇ ਹਨ ਅਤੇ ਆਪੋ ਆਪਣੇ ਮਤ ਯਾ ਸੰਪ੍ਰਦਾਇ ਦੇ ਤੀਰਥਾਂ ਉਤੇ ਇਸਨਾਨ ਕਰਨ ਨੂੰ ਉੱਤਮ ਸਮਝਦੇ ਹਨ, ਪਰੰਤੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਇਸ ਪਰ ਇਹ ਕਥਨ ਕਰਦੇ ਹਨ ਯਥਾ (ਬਾਹਰੁ ਧੋਇ ਅੰਤਰਿ ਮਨੁ ਮੈਲਾ ਦੁਇ ਠਉਰ ਅਪੁਨੇ ਖੋਏ॥ ਈਹਾ ਕਾਮਿ ਕ੍ਰੋਧਿ ਮੋਹਿ ਵਿਆਪਿਆ ਆਗੈ ਮੁਸਿ ਮੁਸਿ ਰੋਏ॥ ਗੋਵਿੰਦ ਭਜਨ ਕੀ ਮਤਿ ਹੈ ਹੋਰਾ॥ ਵਰਮੀ ਮਾਰੀ ਸਾਪੁ ਨ ਮਰਈ ਨਾਮੁ ਨ ਸੁਨਈ ਡੋਰਾ) ਇਸ ਸ਼ਬਦ ਦਾ ਭਾਵ ਇਹ ਹੈ ਕਿ ਜੋ ਪੁਰਖ ਬਾਹਰ ਤੇ ਤਾਂ ਸਰੀਰ ਨੂੰ ਜਲ ਨਾਲ ਧੋਇਕੇ ਸੁਧ ਕਰਦੇ ਹਨ ਅਤੇ ਤੀਰਥਾਦਿਕ ਵਿੱਚ ਇਸਨਾਨ ਕਰਕੇ ਪਵਿਤ੍ਰ ਕਰਦੇ ਹਨ ਅਤੇ ਅੰਦਰਿ ਮਨ ਜੋ ਹੈ ਜੋ ਪਾਪ ਮਲਿ ਕਰਕੇ ਮੈਲਾ ਹੋ ਰਿਹਾ ਹੈ ਉਸਨੂੰ ਸੁੱਧ ਨਹੀਂ ਕੀਤਾ ਉਨ੍ਹਾਂ ਪੁਰਖਾਂ ਦੇ ਲੋਕ ਪ੍ਰਲੋਕ ਦੋਨੋ ਬਿਰਥੇ ਜਾਂਦੇ ਹਨ ਕਿਉਂਕਿ ਜਿਤਨਾ ਚਿਰ ਪੁਰਖ ਦਾ ਆਤਮ ਸੁੱਧ ਨਹੀਂ ਹੁੰਦਾ ਉਤਨਾ ਚਿਰ ਉਹ ਕਾਮ ਕ੍ਰੋਧ ਅਤੇ ਮੋਹ ਆਦਿਕ ਵਿਚ ਲਿਪਤ ਰਹਿੰਦਾ ਹੈ ਜਿਸਦਾ ਫਲ ਇਹ ਹੁੰਦਾ ਹੈ ਜੋ ਅੰਤ ਅਰਥਾਤ ਅਕਾਲ ਪੁਰਖ ਦੇ ਹਜ਼ੂਰ ਮੁਸਿ ਮੁਸਿ ਰੋਈਏ ਜਿਸ ਤਰਾਂ ਕੋਈ ਠੱਗਾਂ ਦਾ ਲੁਟਿਆ ਹੋਇਆ ਰੋਂਦਾ ਹੈ ਐਸੇ ਉਹ ਪੁਰਖ ਭੀ ਇਨ੍ਹਾਂ ਕਾਮ ਕ੍ਰੋਧਾਦਿਕ ਠੱਗਾਂ ਦੇ ਲੁਟਿਆ ਹੋਇਆ ਰੋਂਦਾ ਹੈ ਪਰੰਤੂ ਅਕਾਲ ਪੁਰਖ ਦੇ ਅਰਾਧਨ ਲਈ ਬਾਹਰ ਦੇ ਇਸਨਾਨ ਆਦਿਕ ਦੀ ਕੋਈ ਲੋੜ ਨਹੀਂ ਹੈ ਪਰੰਤੂ ਉਹ ਹੋਰ ਹੀ ਬੁੱਧਿ ਹੈ ਜੋ ਅਕਾਲ ਪੁਰਖ ਦੇ ਅਰਾਧਨ ਲਈ ਲਗਾਈ ਹੁੰਦੀ ਹੈ, ਹੋਰ ਸਰੀਰ ਨੂੰ ਧੋਣ ਦੇਣੇ ਨਾਲ ਅੰਦ੍ਰ ਆਤਮਾ ਦੇ ਵਿਕਾਰ ਨਾਸ ਨਹੀਂ ਹੁੰਦੇ ਜਿਸ ਪ੍ਰਕਾਰ ਵਰਮੀ ਦੇ ਕੁਟਣੇ ਕਰਕੇ ਅੰਦ੍ਰ ਬੈਠਾ ਸਰਪ ਨਹੀਂ ਮਰਦਾ ਤਾਂਤੇ ਜੋ ਲੋਕ ਅਕਾਲ ਪੁਰਖ ਦਾ ਅਰਾਧਨ ਕਰਨਾ ਚਾਹੁੰਦੇ ਹਨ ਓਹ ਬਾਹਰਲੇ ਅਡੰਬਰਾਂ ਤੇ ਦੂਰ ਰਹਿਣ ਉਨ੍ਹਾਂ ਲਈ ਕੇਵਲ ਮਹਾਤਮਾ ਪੁਰਖਾਂ ਦੇ ਕਥਨ ਕੀਤੇ ਹੋਏ ਸਤਿ ਉਪਦੇਸ ਹੀ ਆਤਮ ਸੁੱਧੀ ਦਾ ਕਾਰਨ ਹਨ, ਜੋ ਲੋਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਇਸ ਉਪਰਲੇ ਉਪਦੇਸ਼ ਪਰ ਅਮਲ ਕਰਦੇ ਹਨ ਸੋ ਕਦੇ ਭੀ ਭਜਨ ਕਰਨ ਲਈ ਜਲ ਇਸਨਾਨ ਨੂੰ ਨਹੀਂ ਲੋੜਦੇ॥

ਬਾਵਾ ਸਨਮੁਖ ਸਿੰਘ ਦੀ ਬਾਕੀ

॥ਦੋਹਰਾ॥ ॥ਅਪਨਾ ਤਨ ਪਿਆਰੇ ਲਗੇ ਤੈਂ ਬਹੁ ਰੋਗੀ ਹੋਇਆ ਅਪਨੇ ਫੋੜੇ ਨੂੰ ਕੋਹੇ ਨਹੀਂ ਧੋਲੇ ਮੈਂ ਰੋਇ ॥੧॥ ॥ਚੌਪਈ॥ ਤਿਉਂ ਬਾਬਾ ਜੀ ਸਾਡੇ ਅੰਗ ਚਾਹਨ ਕਰਨਾ ਸਾਨੂੰ ਤੇਗਾ ਪਰ ਉਹ ਸਾਡੇ ਅਤਿ ਪਿਆਰੇ ॥ ਜਾਤੇ ਹਮ ਨਾਹਿ ਚਾਹਿਤ ਵਿਕਾਰੇ ॥ ਬੁਸਟੀ ਕੋਈ ਭੀ ਜੈਸੇ ਤਨ ਪਿਆਰਾ ॥ ਭੁੱਟੇ ਲੋਗਾ ਕਹਿਨ ਹਤਿਆਰਾ ਤੂੰ ਤੇ ਸਿਖ ਨਾਮ ਹੈ ਜੋਈਆ ਇਆ ਅਸਾਡੂ ਕੋਨੇ ਸੋਈਆ ॥੨॥ ॥ਦੋਹਰਾ॥ ॥ਬਾਵਾ ਜੀ ਭੀ ਅੱਖ ਅਸਾਡੀ ਹੂਣ ਹੈ ਦੁਖਣੀ ਆਈ ਜੇਪ ਲੁੱਪਗੀ ਉਪਦੇਸ ਦੀ ਮੁੜਕੇ ਕਰਨੀ ਆਈ ॥ ਹਾਜੀ ਹੋਈ ਤੂੰ ਹੈ ਚੰਗੀ ਨਹੀਂ ਫੁੱਟ ਤਾ ਜਾਵੂੰ ॥ ਜਿਸ ਡੋਲ ਦੀ ਪਾਪੜ੍ਹ ਕੋਲੋਂ ਰੋਗੀ ਭੀ ਹੂੰ ਕਾਢੂੰ ॥੩॥ ਜੇ ਬਾਵਾ ਜੀ ਮਨ ਵਿਚ ਸਮਝਨ ਅਸੀਂ ਉਨਾਂ ਤੇ ਡਾਢੇ ਹਾਂ ਨਹੀਂ ਸਾਮਨੇ ਹੋਕੇ ਲੜਦੇ ਬੋਲਨ ਮੰਦਾ ਕਰਦੇ ॥ ਤਾਂ ਇਹ ਜਰਾ ਧਿਆਨ ਰੱਖੇ ਸਭੇ ਥੈਲਾ ਵਿਚਾਰੇ ॥ ਜਿਸ ਸਾਬੀਆਂ ਬਾਂਦੇ ਦਿਆਂ ਨੂੰ ਲੱਗੀ ਰੱਬ ਹਮਾਰੇ ॥੪॥ ਘਰ ਤੇ ਉਹ ਬੇ ਘਰੇ ਬੈਠੇ ਛੱਡ ਦੇਸ ਨੂੰ ਜੋ ਸੇਵ ਇਕ ਦੋਰ ਦੇ ਉਜੜੇ ਹੋਏ ਮੁੜ ਘਰ ਨਾਹੀ ਵੱਸੇ ॥ ਫਿਰੇ ਦਰ ਦਰ ਸੋ ਮਸਤੇ ਤਾਬੀ ਰਹਦੇ ਨਸੀ ਹਟਾਏ ॥ ਫਿਰਤ ਕਲਮ ਅਸਾਡੀ ਦੇਨੇ ਉਹ ਭੀ ਹੋਰ ਡੁਕਾਏ ॥੫॥ ਪਾਪ ਫੋੜੇ ਜੋ ਆਪਸ ਅੰਦ੍ਰ ਲੜਨਾ ਹੈ ਪਾਪੀ ਦੁਖ ਦਾਈ ॥ ਬਾਲਾਂ ਖਾਹਿ ਜਿਉਂ ਅੰਗਾ ਨਿਕਾਲੀ ਆਪਨੇ ਉਪਰ ਪਾਈ ॥ ਜਿਉਂ ਯਾਦਵ ਲੜ ਆਪਸ ਅੰਦਰਿ ਅਪਨਾ ਬੰਸ ਮਿਟਾਇਆ ॥ ਤਿਉਂ ਸਾਨੂੰ ਭੀ ਚਾਹੀਏ ਨਾਹੀ ਅਪਨਾ ਖੋਜ ਗੁਵਾਇਆ ॥੬॥

ਗੁਰਮੁਖੀ ਅਖਬਾਰ ਤੇ ਕਾਨਫੂਸੀ

ਗੁਰਮੁਖੀ ਅਖਬਾਰ ਦੇ ਐਡੀਟਰ ਸਾਹਿਬ ਕੰਨਾ ਵਿਚ ਫੂਕ ਮਾਰਨ ਨੂੰ ਗੁਰਮਤਿ ਸਿੱਧ ਕਰਨ ਵਾਸਤੇ ਅਪਨੇ ਪੱਤ੍ਰ ਵਿਚ ਲਿਖਦੇ ਹੈਨ ਕਿ ਕਿਸੇ ਮਹਾਤਮਾ ਤੇ

ਮਨੁਖ੍ਯ ਨੇ ਪੁਛਿਆ ਕਿ ਗ੍ਰੰਥ ਸਾਹਿਬ ਜੀ ਦੀ ਬਾਣੀ ਦਾ ਤੱਤ ਕੀ ਹੈ ਉਸ ਨੇ ਉੱਤਰ ਦਿਤਾ ਕਿ (ਗੁਰੂ ਪਾਸ ਜਾ ਕੇ ਕੰਨ ਵਿਚ ਮੰਤ੍ਰ ਲੈਣਾ)

ਖਾਲਸਾ ਅਖਬਾਰ ਇਸ ਪਰ ਇਕ ਮਹਾਤਮਾ ਦਾ ਕਥਨ ਐਉਂ ਲਿਖਦਾ ਹੈ ਜੋ ਉਨ ਨੂੰ ਕਿਸੇ ਨੇ ਪੁਛਿਆ ਕਿ ਮਹਾਰਾਜ ਕੰਨ ਵਿਚ ਫੂਕ ਮਾਰਕੇ ਮੰਤ੍ਰ ਦੇਣਾ ਦਿੰਦੇ ਹਨ, ਜਿਸ ਪਰ ਉਨ੍ਹਾਂ ਨੇ ਆਖਿਆ ਕਿ ਜਿਨ ਨੂੰ ਚੇਲੇ ਦਾ ਅਪਣੀ ਸਿੱਖੀ ਬਣਕੇ ਫੇਰ ਮਗਰੋਂ ਪੈਂਡੇ ਕਾਰ ਭੇਟ ਲੈਨ ਦੀ ਭੁੱਖ ਹੈ ਅਤੇ ਅਪਨੇ ਪੈਰਾਂ ਪਰ ਲੋਕਾਂ ਤੇ ਮੱਥੇ ਟਿਕਾਕੇ ਪੰਠ ਪਰ ਥਾਪੀ ਮਾਰਨ ਦੀ ਲੋੜ ਹੈ- ਅਰਥਾਂ ਪੇਟ ਦੇ ਅਰਥੀਆਂ ਦਾ ਇਹ ਕੰਮ ਹੈ, ਹੋਰ ਸੱਚੇ ਮਹਾਤਮਾ ਦਾ ਉਪਦੇਸ ਸਭ ਨੂੰ ਪ੍ਰਗਟ ਹੈ ਜੋ ਕਨਸੂਈਂ ਤੇ ਵਿੱਚ ਹੈ- ਇਕ ਹੋਰ ਮਹਾਤਮਾ ਨੂੰ ਕਿਸੇ ਨੇ ਪੁੱਛਿਆ ਕਿ ਮਹਾਰਾਜ ਕੰਨ ਵਿਚ ਮੰਤ੍ਰ ਕਿਉਂ ਹੈ ਜਿਸ ਪਰ ਉਨ ਨੇ ਆਖਿਆ ਕਿ ਭਾਈ ਇਹ (ਮੇਢੇ ਦੇ ਕੰਨ ਪਰ ਛਿੱਤ੍ਰ ਹੈ) ਅਰਥਾਤ ਮੇਢਾ ਅਜੇਹਾ ਬਲੀ ਹੁੰਦਾ ਹੈ ਜੋ ਆਦਮੀ ਨੂੰ ਚੁੱਕ ਕੇ ਲੈ ਜਾ ਸਕਦਾ ਹੈ ਪਰ ਜਦ ਇਆਲੀ ਉਸ ਨੂੰ ਧਰਤੀ ਪਰ ਡੇਗ ਕੇ ਇਕ ਛਿੱਤਰ ਕੰਨ ਪਰ ਰੱਖ ਦਿੰਦਾ ਹੈ ਤਦ ਉਹ ਉਥੇ ਹੀ ਚੁਪ ਪਿਆ ਰਹਿੰਦਾ ਹੈ, ਇਸੀ ਪ੍ਰਕਾਰ ਭਾਵੇਂ ਕੈਸਾ ਹੀ ਬੁਧਿਮਾਨ ਪੁਰਖ ਕਿਉਂ ਨਾ ਹੋਵੇ ਪਰ ਜਦ ਕੰਨ ਵਿੱਚ ਕਿਸੇ ਨੇ ਫੂਕ ਮਾਰੀ ਤਦ ਉਸ ਦਾ ਹੀ ਦਾਸ ਬਨਕੇ ਕਾਰ ਭੇਟ ਦੇਨ ਲਈ ਤਿਆਰ ਹੋ ਗਿਆ।

ਇਕ ਭਾਈ ਨੇ **ਖਾਲਸਾ ਅਖਬਾਰ** ਨੂੰ ਪੁੱਛਿਆ ਕਿ ਗੁਰਮੁਖੀ ਅਖਬਾਰ ਦਾ ਐਡੀਟਰ ਕੌਣ ਹੈ ਜਿਸ ਪਰ ਉਸ ਨੂੰ ਇਹ ਉੱਤ੍ਰ ਦਿੱਤਾ ਕਿ ਇਕ ਸ਼ਿਕਾਰ ਮਾਰਨ ਵਾਲੇ ਹੁੰਦੇ ਹਨ ਅਤੇ ਇਕ ਉਠਾਲਨ ਵਾਲੇ, ਜੋ ਉਠਾਲਨ ਵਾਲੇ ਹੁੰਦੇ ਹਨ ਜੋ ਜਾਨਵਰਾਂ ਨੂੰ ਘੇਰ ਕੇ ਮਾਰਨ ਵਾਲਿਆਂ ਵੱਲ ਘਲ ਦੇਂਦੇ ਹਨ- ਇਸੀ ਪ੍ਰਕਾਰ ਗੁਰਮੁਖੀ ਅਖਬਾਰ ਦਾ ਐਡੀਟਰ ਭੀ ਸ਼ਿਕਾਰ ਉਠਾਲਨ ਵਾਲਿਆਂ ਵਿਚੋਂ ਹੈ ਜੋ ਮੂਰਖ ਪੁਰਖਾਂ ਰੂਪੀ ਮਿਰਗਾਂ ਨੂੰ ਕੰਨ ਵਿਚ ਫੂਕ ਮਾਰਨ ਦਾ ਰੌਲਾ ਪਾਕੇ ਉਨਾਂ ਸ਼ਿਕਾਰੀਆਂ ਅੱਗੇ ਭੇਜਨਾ ਚਾਹੁੰਦਾ ਹੈ ਜੋ ਝਟ ਪਟ ਕੰਨ ਵਿਚ ਫੂਕ ਮਾਰਨ ਅਤੇ ਹੱਥ ਦੀ ਥਾਪੀ ਦੇਕੇ ਅਗਿਆਨ ਦੀ ਨੀਂਦ ਵਿਚ ਸੁਲਾ ਦੇਨ ਅਤੇ ਉਸ ਪੁਰਖ ਨੂੰ ਚੇਲਾ ਹੀ ਬਨਾਕੇ ਉਸ ਦੀ ਉਮਰ ਤੱਕ ਭੀ ਚੇਲੇ ਬਨਾ ਘਤਨ

ਹੇ ਅਕਾਲ ਪੁਰਖ ਆਪ ਇਨਾਂ ਦੇ ਫਾਹਿਆਂ ਤੇ ਰੱਖਿਆ ਕਰੇ॥

ਕੁਰੀਤੀਆਂ ਅਤੇ ਉਨ ਪਰ ਫਤੇ॥

ਇਸ ਬਾਤ ਨੂੰ ਪੰਜਾਹ ਸਾਲ ਦੇ ਲਗ ਭਗ ਹੋਏ ਹੋਨ ਗੇ ਜੋ ਪਹਿਲਾਂ ਅੰਗ੍ਰੇਜ਼ੀ ਦੀ ਫੌਜ ਨੇ ਕਾਬੁਲ ਪਰ ਧਾਵਾ ਕੀਤਾ ਸੀ ਜਿਸ ਪਰ ਕਈ ਲੱਖ ਰੁਪਯਾ ਖਰਚ ਕੀਤਾ ਅਰ ਵਡੇ ਵਡੇ ਉਚੇ ਪਹਾੜਾਂ ਦੇ ਰਸਤੇ ਅਰ ਬਰਫਾਨੀ ਦੇਸ ਵਿਚੋਂ ਵਿਚੋਂ ਜਾਕੇ ਇਕ ਇਜੇਹੇ ਸਮਰਥ ਵਾਲੇ ਪਾਦਸ਼ਾਹ ਨਾਲ ਸਾਮਨਾ ਕੀਤਾ ਜਿਸ ਦੀ ਫੌਜ ਤਾਂ ਕਿਧਰੇ ਰਹੀ ਪਰੰਤੂ ਪਰਜਾ ਭੀ ਮਰਨਾ ਮਾਰਨਾ ਵਿਲ ਨਹੀਂ ਕਰਦੀ ਸੀ- ਦੋਨੋਂ ਪਾਸਿਆਂ ਦੀਆਂ ਫੌਜਾਂ ਇਜੇਹੀਆਂ ਦਿਲ ਖੋਲ ਕੇ ਲੜੀਆਂ ਜੋ ਸਿਰ ਧੜਾਂ ਨਾਲੋਂ ਤਲਵਾਰਾਂ ਨਾਲ ਇਸ ਤਰਹਿ ਸੂਤ ਕੇ ਉਤਾਰ ਰਹੇ ਸਨ ਜਿਸ ਤਰਹਿ ਲੁਹਾਰ ਦੇ ਸਿਰੇ ਦਾਤੀਆਂ ਨਾਲ ਕੁਤਰਣ ਕਰਦੇ ਹਨ ਪਰੰਤੂ ਅੰਤ ਨੂੰ ਅੰਗ੍ਰੇਜ਼ਾਂ ਦੀ ਫੌਜ ਹਾਰ ਗਈ ਅਤੇ ਪਠਾਣਾਂ ਨੇ ਫਤੇ ਹਾਸਲ ਕੀਤੀ ਉਸ ਸਮੇਂ ਸਰਕਾਰ ਅੰਗ੍ਰੇਜ਼ੀ ਦੇ ਦਲ ਨੂੰ ਸਿਵਾਇ ਪਿਛੇ ਹਟਨੇ ਦੇ ਕੋਈ ਚਾਰਾ ਮਲੂਮ ਨ ਹੋਇਆ।

ਇਧਰ ਜਦ ਇਹ ਫੌਜ ਪਿਛੇ ਨੂੰ ਨੱਠੀ ਤਦ ਇਧਰ ਪਠਾਣਾਂ ਨੇ ਕਈ ਅੰਗ੍ਰੇਜ਼ ਪਕੜ ਲੀਤੇ ਅਤੇ ਉਨ ਦੇ ਨੱਕਾਂ ਵਿਚ ਨਕੇਲ ਪਾਕੇ ਬਜਾਰਾਂ ਵਿਚ ਕੈਦੀ ਹੋਕੇ ਫਿਰਾਈ ਅਤੇ ਕਈ ਪ੍ਰਕਾਰ ਦੇ ਖੇਦ ਦਿੱਤੇ ਤੁਸੀਂ ਦੇਖ ਸਕਦੇ ਹੋ ਜੋ ਇਹ ਕੈਸੀ ਦੁਰਦਸ਼ਾ ਹੈ- ਪਰੰਤੂ ਫੇਰ ਪ੍ਰਕਾਰ ਅੰਗ੍ਰੇਜ਼ਾਂ ਇਸ ਜੇਹੇ ਜੁਲਮ ਨੂੰ ਦੇਖ ਕੇ ਚੁਪ ਰਹੀ ਕੋਈ ਨ ਸੋਗੀ ਮੁੜਕੇ ਫੇਰ ਵਡੀ ਭਾਰੀ ਤਿਆਰੀ ਕੀਤੀ ਅਰ ਜੋ ਜੋ ਪਾਹਲੀ ਦੇਰ ਜੰਗ ਦੇ ਸਾਮਾਨ ਵਿੱਚ ਘਾਟਾ ਦੇਖਿਆ ਸੀ ਪੂਰਾ ਕੀਤਾ ਅਤੇ ਫੌਜਾਂ ਬਨਾਕੇ ਧਾਵਾ ਕੀਤਾ- ਜਦ ਕਾਬੁਲ ਦੇ ਨੇੜੇ ਫੌਜ ਪਹੁੰਚੀ ਤਦ ਪਠਾਣਾਂ ਨੂੰ ਪਹਿਲੀ ਫਤੇ ਦਾ ਚਾਉ ਸੀ ਜਿਸ ਪਰ ਬੇਪਰਵਾਹ ਹੋਕੇ ਸਾਮ੍ਹਣਾ ਕੀਤਾ, ਪਰੰਤੂ ਸਰਕਾਰੀ ਫੌਜ ਜੋ ਬੰਦੂਕ ਦੇ ਜਾਨਣ ਵਾਲੀ ਅਤੇ ਸ਼ਸਤ੍ਰ ਵਿਦਿਆ ਦੀ ਧਨੀ ਅਤੇ ਆਪਨੇ ਜਰਨੈਲਾਂ ਦੇ ਹੁਕਮ ਪਰ ਕੁਰਬਾਨ ਹੋਨੇ ਵਾਲੀ ਸੀ ਉਸ ਨੇ ਅਪਨੇ ਦੁਸ਼ਮਨ ਦਾ ਸਾਮ੍ਹਨਾ ਅਜੇ ਹੋਲੇਂ ਬਹੁਤ ਵਧ ਕੇ ਕੀਤਾ ਜਿਸ ਪਰ ਕਾਬੁਲ ਦਾ ਅਮੀਰ ਅੰਤ ਨੂੰ ਹਾਰ ਗਿਆ ਅਤੇ ਕਾਬੁਲ ਦੇ ਬਾਜ਼ਾਰਾਂ ਵਿਚ ਅੰਗ੍ਰੇਜ਼ੀ

ਸਿਪਾਹੀ ਦਰਗਾਹੀ ਉਤੇ ਰਾਹ ਦੰਗਾ ਫਿਰਦੇ ਸਨ ਪ੍ਰੰਤੂ ਫੇਰ ਭੀ ਇਸ ਤੋਂ ਖਰਾਬ ਦੇਸ਼ ਵਿਚੋਂ ਜਿਥੇ ਜ਼ੁਲਮ ਅਤੇ ਬੇਰਹਿਮੀ ਦਾ ਹੀ ਬਰਤਾਉ ਸੀ ਫੌਜ ਦਾ ਟਿਕਾਉ ਅਤੇ ਅਮਨ ਦਾ ਕਾਇਮ ਰਹਿਣਾ ਔਖਾ ਦੇਖ ਕੇ ਫੌਜ ਪਿਛੇ ਹਟ ਆਈ, ਤਾਂ ਭੀ ਮਗਰ ਅੰਗਰੇਜ਼ੀ ਨੇ ਆਪਣੇ ਪੁਰਖ ਖਰਾਬ ਦੇਖਕੇ ਦੀ ਬਾਤ ਪਿਛਾਂਹ ਨਹੀਂ ਮੋੜੀ ਜਿਸ ਤੋਂ ਅਗੇ ਹੀ ਫੇਰ ਕੀਤੀ ਜਿਸ ਤੇ ਤੀਸਰੀ ਫੇਰ ਲਾਰਡ ਲਿਟਨ ਦੇ ਸਮੇਂ ਵਿਚ ਫੌਜ ਕਾਬਲ ਪੁਰ ਚੜ੍ਹੀ ਅਤੇ ਦੋਨੋਂ ਪਾਸਿਆਂ ਦੇ ਮੁਰਦੇ ਜੰਗ ਭੂਮੀ ਵਿਚ ਰੁਲੇ ਅਤੇ ਹਜ਼ਾਰਾਂ ਦੇ ਸਿਰ ਤੋਪਾਂ ਦੇ ਅੱਗੇ ਉਡੇ, ਪਰ ਅੰਤ ਨੂੰ ਇਹੋ ਜਿਹੀ ਫਤਹਿ ਪਾਈ ਜੋ ਕੈਸਰਹਿੰਦ ਦੀ ਦੁਹਾਈ ਕਾਬੁਲ ਦੇ ਬਜ਼ਾਰਾਂ ਵਿਚ ਫਿਰਾਈ ਅਰ ਦੁਸ਼ਮਨਾਂ ਨੂੰ ਕਤਲ ਕੇ ਅਰ ਕਿਤਨਿਆਂ ਨੂੰ ਫਾਹੇ ਦੇ ਕੇ ਅਮੀਰ ਅਬਦੁਲ ਰਹਿਮਾਨ ਨੂੰ ਤਖ਼ਤ ਪੁਰ ਬਿਠਾਇਆ, ਭਾਵੇਂ ਲੋਕ ਇਹ ਆਖਦੇ ਹਨ ਕਿ ਅਜੇ ਤੱਕ ਭੀ ਕਾਬੁਲ ਕੀਕਰ ਸਰ ਨਹੀਂ ਕੀਤਾ ਗਿਆ ਪ੍ਰੰਤੂ ਇਸ ਪਰਾਇਤ੍ਰਤਾ ਜਰੂਰ ਆਖਿਆ ਜਾਂਦਾ ਹੈ ਕਿ ਸਰਕਾਰ ਭੀ ਚੁੱਪ ਨਹੀਂ ਬੈਠੀ ॥

ਇਸ ਉਪਰਲੇ ਦ੍ਰਿਸ਼ਟਾਂਤ ਦਾ ਭਾਵ ਇਹ ਹੈ ਜੋ ਕੁਰੀਤੀਆਂ ਦਾ ਕਾਬੁਲ ਸਤਿ ਧਰਮ ਦੇ ਰਾਜ ਤੇ ਸਦਾ ਹੀ ਵਿਰੁੱਧ ਰਹਿੰਦਾ ਹੈ ਪ੍ਰੰਤੂ ਇਨਾਂ ਕੁਰੀਤੀਆਂ ਦੇ ਫਤਹਿ ਕਰਨ ਲਈ ਸਤ ਧਰਮ ਦੀ ਫੌਜ ਦੇ ਸਿਪਾਹੀ ਮਹਾਤਮਾ ਲੋਗ ਸਦਾ ਹੀ ਚੜ੍ਹਾਈ ਕਰਦੇ ਰਹਿੰਦੇ ਹਨ, ਪ੍ਰੰਤੂ ਕਈ ਇਹੋ ਜਿਹੇ ਸਮੇਂ ਆਏ ਹੈਨ ਜੋ ਇਨ ਕੁਰੀਤੀਆਂ ਦੀ ਫੌਜ ਦੇ ਸਿਪਾਹੀਆਂ ਦੇ ਹੱਥੋਂ ਕਈ ਧਰਮਾਤਮਾਂ ਲੋਗਾਂ ਨੇ ਬਹੁਤ ਦੁਖ ਪਾਏ ਹਨ ਜੈਸਾ ਕਿ ਕਿਸੇ ਨੂੰ ਸੂਲੀ ਚਾੜ੍ਹਿਆ ਗਿਆ ਕਿਸੇ ਦੇ ਦੇਹ ਪੰਥ ਨਾਲ ਤੀਨੇ- ਕਿਸੇ ਨੂੰ ਜੀਉਂਦਾ ਧਰਤੀ ਵਿਚ ਗੱਡਿਆ- ਕਿਸੇ ਦੀ ਖੁੱਲੀ ਖੱਲ ਉਤਾਰੀ- ਕੋਈ ਬੈਲਾਂ ਮਗਰ ਧੂਹਾਇਆ- ਕਿਸੇ ਦਾ ਸੀਸ ਕਰਾਂਤ੍ਰਾਂ ਨਾਲ ਚਿਰਾਇਆ- ਕਿਸੇ ਨੂੰ ਤੱਤੇ ਰੇਤੇ ਅਤੇ ਤਵਿਆਂ ਪਰ ਚਾੜ੍ਹਕੇ ਤਪਾਇਆ- ਕਿਸੇ ਦੇ ਪੁਤ੍ਰਾਂ ਨੂੰ ਜੀਉਂਦਿਆਂ ਪਕੜ ਕੇ ਨੀਂਹ ਹੇਠ ਦਿਤਾ ਅਰ ਕਿਤਨਿਆਂ ਨੂੰ ਬੰਨ੍ਹ ਕੇ ਹਾਥੀਆਂ ਅਗੇ ਸੁਟਿਆ ਅਰ ਕਿਸੇ ਨੂੰ ਦੇਗਨ ਕਾੜ੍ਹਕੇ ਉਬਾਲਿਆ ਅਤੇ ਕਿਸੇ ਨੂੰ ਗੰਗਾ ਵਿਚ ਗੋਤੇ ਦਿਤੇ ਗਏ- ਭਾਵੇਂ ਇਨਾਂ ਧਰਮ ਦੇ ਸ਼ਾਂ ਦਰਗਾਹੀ ਪਾਹੀਆਂ ਨਾਲ ਇਹੋ ਜੇਹੇ ਵਰਤਾਉ ਭੀ ਕੀਤੇ ਗਏ ਸਨ ਪ੍ਰੰਤੂ ਤਾਂ ਭੀ ਉਹ ਅਕਾਲ ਪੁਰਖ ਦੇ ਰਾਜ ਦਾ ਨੰਬਰ ਇਸ ਸੰਸਾਰ ਪਰ ਬਨਾਉਣਾ ਚਾਹੁੰਦੇ ਸਨ ਜਿਸ ਤੇ ਉਨ੍ਹਾਂ ਨੇ ਆਪਣੇ ਸਾਹਸ ਨੂੰ ਅੰਤ ਨੂੰ ਲੋਕਾਂ ਭੀ ਦਸ ਕਰ ਕੇ ਦਿਖਾਇਆ ਅਤੇ ਕੁਰੀਤੀਆਂ ਪਰ ਫਤਹਿ ਪਾਈ ਅਕਾਲ ਪੁਰਖ ਦੇ ਰਾਜ ਨੂੰ ਅਟੱਲ ਧਰਤੀ ਪਰ ਕਾਇਮ ਕੀਤਾ ।

ਇਸ ਸਮੇਂ ਵਿਚ ਭੀ ਕੁਰੀਤੀਆਂ ਦੇ ਸਿਪਾਹੀ ਅਕਾਲ ਪੁਰਖ ਦੀ ਆਗਿਆ ਪਾਲਨ ਕਰਨ ਵਾਲਿਆਂ ਨਾਲ ਕੁਝ ਘੱਟ ਨਹੀਂ ਕਰ ਰਹੇ ਪ੍ਰੰਤੂ ਆਸ ਪੈਂਦੀ ਹੈ ਜੋ ਸੱਚੇ ਧਰਮਾਤਮਾ ਉਨਾਂ ਦੇ ਫਤਹਿ ਕਰਨ ਲਈ ਸਦਾ ਹੀ ਸਨਧ ਬੱਧ ਰਹਿਨਗੇ। ਜਿਸ ਦੇ ਇਨਾਂ ਦੇ ਨਾਰੂਪ ਦੇਸ਼ਾਂ ਦੇ ਗੋਲੀਆਂ ਨਾਲ ਮਮਤ ਦੇ ਜਾਲਿਆਂ ਦੇ ਪਾਜ ਰੂਪੀ ਬੁਰਜ ਉਨਾਂ ਦੇ ਦੇਖਦਿਆਂ ਹੀ ਢਹਿਣ ਗੇ ਅਤੇ ਅੰਤ ਨੂੰ ਸਤਿਯ ਦੀ ਹੀ ਜਿੱਤ ਹੋਵੇਗੀ ॥

ਖਾਲਸਾ ਸਕੂਲ ਸ੍ਰੀ ਅੰਮ੍ਰਿਤਸਰ

੨੨ ਅਕਤੂਬਰ ਸੰਨ ੧੯੨੧ ਈ: ਨੂੰ ਖਾਲਸਾ ਕਾਲਜ ਦੇ ਮਿਡਲ ਸਕੂਲ ਦਾ ਹਿੱਸਾ ਖੋਲ੍ਹਿਆ ਗਿਆ ਜਿਸ ਪਰ ਇਕ ਵਡਾ ਭਾਰੀ ਜਲਸਾ ਹੋਇਆ ਜਿਸ ਦਾ ਸਾਰਾ ਹਾਲ ਹੇਠ ਲਿਖਿਆ ਜਾਂਦਾ ਹੈ ॥

ਚਾਰ ਬਜੇ ਸੁਵੇਰ ਦੇ ਆਸਾ ਦੀ ਵਾਰ ਲਗੀ ਜਿਸ ਵਿਚ ਰਾਗੀ ਸਿੰਘਾਂ ਨੇ ਸ਼ਬਦਾਂ ਦੀ ਵਰਖਾ ਨਾਲ ਸਭ ਦੇ ਚਿਤ ਦੀ ਆਸਾ ਪੂਰਨ ਕੀਤੀ- ਸਾਹਿਬ ਸ੍ਰੀ ਅੰਮ੍ਰਿਤਸਰ ਜੀ ਦੇ ਸਿੰਘ ਅਤੇ ਬਾਹਰਲੀ ਸਿੰਘ ਸਭਾਂ ਦੇ ਸਿੰਘ ਜਿਉਂ ੨ ਦਿਨ ਦਾ ਪ੍ਰਕਾਸ਼ ਆਉਂਦਾ ਜਾਂਦਾ ਸੀ ਸੋ ਸਭ ਉਸ ਥਾਂ ਨਾਲ ਹੀ ਆਉਂਦੇ ਜਾਂਦੇ ਸਨ- ਅੱਠ ਬਜੇ ਤੱਕ ਵਡਾ ਭਾਰੀ ਜਲਸਾ ਉਸ ਮਕਾਨ ਵਿਚ ਭਰ ਗਿਆ ਸੀ ਜੋ ਸਾਹਿਬ ਉਸ ਸਮੇਂ ਪਧਾਰੇ ਸਨ ਕੇ ਪ੍ਰੇਮ ਨਾਲ ਪੂਰਨ ਸੇ- ਇਸ ਧਾਰਮਕ ਜਲਸੇ ਦੇ ਪ੍ਰੇਜ਼ੀਡੈਂਟ, ਸਰ ਸੁਦਾਰ ਅਤ੍ਰ ਸਿੰਘ ਸਾਹਿਬ ਕੇ, ਸੀ, ਆਈ, ਈ, ਸੀ ਅਤੇ ਕਰਨੈਲ ਜੁਦਾਵਾਲਾ ਸਿੰਘ ਸਾਹਿਬ ਕਪੂਰ ਥਲਾ ਅਤੇ ਗੀਧਾ ਸਿੰਘ ਦਰਬਾਰ ਸਾਹਿਬ ਆਦਿਕ ਸਭ ਇਸ ਜਗਹ ਸੁਭੇ ਭਤ ਸਨ ਇਹ ਜਲਸਾ ਸਕੂਲ ਦੇ ਆਂਗਨ ਵਿਚ ਹੀ ਹੋਇਆ ਸੀ ਜਿਸ ਵਿਚ ਅਕਾਲਪੁਰਖ ਅਗੇ ਅਰਦਾਸ ਕਰਕੇ ਕੜਾਹ ਪ੍ਰਸਾਦਿ ਵਰਤਾਇਆ ਗਿਆ ਇਸ ਤੇ ਪਿਛੋਂ ਨੌ ਬਜੇ ਟੈਨ ਹਾਲ ਵਿਚ ਜਲਸਾ ਹੋਇਆ ਜਿਸ ਵਿਚ ਇਤਨੇ ਸਾਹਿਬ ਆਕੇ ਇਕੱਠੇ ਹੋਏ ਸਨ ਜਿਨਾਂ ਦੇ ਨਾਲ ਸਰ ਕਮਰਾ ਭਰਕੇ ਬਾਹਰ ਖੜੇ ਸਨ ਸਈ ਭੀ

ਜਗਾਧਿ ਨਰੀ ਮਿਸਤ੍ਰੀ ਜੀ ਨੇ ਸਾਹਿਬ ਉਸ ਜਲਸੇ ਪਰ ਆਏ ਸਨ ਉਨ੍ਹਾਂ ਦੇ ਸਾਰੇ ਨਾਮ ਤਾਂ ਲਿਖਣੇ ਬਹੁਤ ਮੁਸ਼ਕਲ ਹਨ ਪਰੰਤੂ ਜੋ ਸਾਨੂੰ ਯਾਦ ਹਨ ਸੋ ਲਿਖੇ ਜਾਂਦੇ ਹੈਨ ਮਿਸਟਰ ਬੈਲ ਸਾਹਿਬ ਪ੍ਰਿੰਸੀਪਲ ਗਵਰਨਮਿੰਟ ਕਾਲਜ ਲਾਹੌਰ ਜੋ ਦੇਪਤਿਲੇ ਸਕੱਤ੍ਰ - ਮਿਸਟਰ ਬ੍ਰਾਊਨ ਸਾਹਿਬ ਬਹਾਦਰ ਡਿਪਟੀ ਇੰਸਪੈਕਟਰ ਜਨਰਲ - ਮਿਸਟਰ ਬੀ ਮਿਲਜ਼ ਸਾਹਿਬ ਬਹਾਦਰ ਸਕੱਤ੍ਰ ਮਿਊਨੀਸਪਲ ਕਮੇਟੀ ਅੰਮ੍ਰਿਤਸਰ ਮਿਸਟਰ ਬਿਟਨ ਸਾਹਿਬ ਬਹਾਦਰ ਡਾਇਰੈਕਟਰ ਫੈਕਲਟੀ - ਸ੍ਰ ਸਰਦਾਰ ਅਤਰ ਸਿੰਘ ਸਾਹਿਬ ਬਹਾਦਰ ਕੇ, ਸੀ ਆਈ, ਈ, ਰਈਸ ਭਦੌੜ ਵਾਈਸ ਪ੍ਰੈਜ਼ੀਡੈਂਟ ਖਾਲਸਾ ਕਾਲਜ ਕੌਂਸਲ - ਸਰਦਾਰ ਜੁਆਲਾ ਸਿੰਘ ਸਾਹਿਬ ਕਣਲੈਨ ਕਪੂਰ ਥਲਾ - ਸਰਦਾਰ ਅਰਜਨ ਸਿੰਘ ਸਾਹਿਬ ਚਾਹਲ ਮੈਨੇਜਰ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ - ਸਰਦਾਰ ਮੇਹਰ ਸਿੰਘ ਸਾਹਿਬ ਛਾਉਣੀ ਫਰੀਦਾਬਾਦ, ਸਰਦਾਰ ਦਿਆਲ ਸਿੰਘ ਸਾਹਿਬ ਛਾਉਣੀ ਬਾਵਾ ਸੁਮੇਰ ਸਿੰਘ ਸਾਹਿਬ ਮਹੰਤ ਦਰਬਾਰ ਸਾਹਿਬ ਪਟਨਾ - ਭਾਈ ਭਗਤ ਸਿੰਘ ਸਾਹਿਬ ਗ੍ਰੰਥੀ ਸ੍ਰੀ ਦਰਬਾਰ ਸਾਹਿਬ ਜੀ ਅੰਮ੍ਰਿਤਸਰ, ਭਾਈ ਹੀਰਾ ਸਿੰਘ ਸਾਹਿਬ ਗ੍ਰੰਥੀ ਦਰਬਾਰ ਸਾਹਿਬ ਅੰਮ੍ਰਿਤਸਰ ਸਰਦਾਰ ਰਾਇ ਮੂਲ ਸਿੰਘ ਸਾਹਿਬ ਐਕਸਟਰਾ ਅਸਿਸਟੈਂਟ ਕਮਿਸ਼ਨਰ ਅੰਮ੍ਰਿਤਸਰ ਸਰਦਾਰ ਖੁਸ਼ਹਾਲ ਸਿੰਘ ਸਾਹਿਬ ਐਕਸਟਰਾ ਅਸਿਸਟੈਂਟ ਕਮਿਸ਼ਨਰ ਰਾਇ ਸਾਗਰ ਮੱਲ ਸਾਹਿਬ ਆਨਰੇਰੀ ਮਜਿਸਟ੍ਰੇਟ ਅੰਮ੍ਰਿਤਸਰ ਲਾਲਾ ਸੰਤ ਰਾਮ ਸਰਕਾਰ ਪੂਰੀਏ ਆਨਰੇਰੀ ਮਜਿਸਟ੍ਰੇਟ - ਖ਼ਾਨ ਬਹਾਦਰ ਮੁਨਸਿਫ਼ ਸਾਹ

ਸਾਹਿਬ ਆਨਰੇਰੀ ਮਜਿਸਟ੍ਰੇਟ ਅੰਮ੍ਰਿਤਸਰ ਲਾਲਾ ਕਰਮ ਚੰਦ ਸਾਹਿਬ ਆਨਰੇਰੀ ਮਜਿਸਟ੍ਰੇਟ - ਲਾਲਾ ਮੁਰਲੀਧਰ ਰਾਇ ਸਾਹਿਬ ਮੈਂਬਰ ਕਮੇਟੀ - ਲਾਲਾ ਅਮੀਰ ਚੰਦ ਸਾਹਿਬ ਮੈਂਬਰ ਕਮੇਟੀ - ਸਰਦਾਰ ਸ਼ੇਰ ਅਲੀ ਮਦ ਡਿਪਟੀ - ਲਾਲਾ ਨੰਦ ਲਾਲ ਸਾਹਿਬ ਮੁਨਸਿਫ਼ ਮੀਆਂ ਇਮਾਮਦੀਨ ਸਾਹਿਬ ਮੁਨਸਿਫ਼ ਭਾਈ ਗੁਰਬਖਸ਼ ਸਿੰਘ ਸਾਹਿਬ ਗਿਆਨੀ ਰਈਸ ਅੰਮ੍ਰਿਤਸਰ - ਮਹੰਤ ਗੁਪਾਲ ਸਿੰਘ ਸਾਹਿਬ ਅਕਾਲ ਬੁੰਗਾ - ਭਾਈ ਹੀਰਾ ਸਿੰਘ ਸਾਹਿਬ ਅਤੇ ਭਾਈ ਭਗਤ ਸਿੰਘ ਸਾਹਿਬ ਗ੍ਰੰਥੀ ਮੰਦਰ ਦਰਬਾਰ ਸਾਹਿਬ - ਲਾਲਾ ਮੂਲ ਰਾਜ ਵਕੀਲ - ਪੰਡਿਤ ਬ੍ਰਿਜ ਲਾਲ ਵਕੀਲ ਬਾਬੂ ਗੋਪਾਲ ਦਾਸ ਭੰਡਾਰੀ ਵਕੀਲ - ਬਾਬੂ ਮਖਨ ਸਿੰਘ ਵਕੀਲ - ਪੀਰ ਜ਼ਾਦਾ ਮੁਹੰਮਦ ਹੁਸੈਨ ਡਿਸਟ੍ਰਿਕਟ ਜੱਜ ਜੀ ਅੰਮ੍ਰਿਤਸਰ - ਬਾਬੂ ਦਲੀਪ ਚੰਦ ਐਮ, ਏ ਮਾਸਟਰ ਹਾਈ ਸਕੂਲ ਅੰਮ੍ਰਿਤਸਰ ਜੀ ਮਾਸਟਰ ਆਤਮਾ ਰਾਮ ਹਾਈ ਸਕੂਲ ਪੰਜਾਬੀ ਅੰਮ੍ਰਿਤਸਰ - ਮਾਸਟਰ ਗੰਗਾ ਰਾਮ ਮਿਸ਼ਨ ਸਕੂਲ ਅੰਮ੍ਰਿਤਸਰ - ਪੰਡਿਤ ਸ਼ਿਵ ਦੱਤ ਸਾਹਿਬ ਗੌਰਮਿੰਟ ਸਕੂਲ - ਮਾਸਟਰ ਗੰਗਾ ਰਾਮ ਸਾਹਿਬ ਗੌਰਮਿੰਟ ਸਕੂਲ - ਭਾਈ ਸੰਤ ਸਿੰਘ ਸਾਹਿਬ ਸਰਿਸ਼ਤੇਦਾਰ ਮਿਊਂਸੀਪਲ ਕਮੇਟੀ - ਭਾਈ ਰਾਮ ਸਿੰਘ ਸਾਹਿਬ ਮਿਸਤ੍ਰੀ - ਸਰਦਾਰ ਗੁਲਜ਼ਾਰ ਸਿੰਘ ਸਾਹਿਬ ਰਈਸ ਕਾਠਿਆਂ ਵਾਲੇ ਬਾਵਾ ਮੰਗਲ ਦਾਸ ਸਾਹਿਬ - ਮੀਆਂ ਗੁਲਾਮ ਨਬੀ ਰਈਸ - ਸਰਦਾਰ ਜੀਵਨ ਸਿੰਘ ਸਾਹਿਬ ਮਾਨਾਂਵਾਲੇ - ਬਾਬੂ ਨੰਦ ਸਿੰਘ ਸਾਹਿਬ ਜੀ ਮੁਨਸਿਫ਼ ਮਿੰਟਗੁਮਰੀ - ਸਰਦਾਰ ਹੀਰਾ ਸਿੰਘ ਸਾਹਿਬ ਅਠਵਾਲ ਸਾਹਿਬਾਂ

ਜੰਗਲਾਤ ਅਜਮੇਰ - ਇਨ੍ਹਾਂ ਨੇ ਬੜੇ ਪ੍ਰੇਮ ਨਾਲ ਖ਼ਾਲਸਾ ਸਕੂਲ ਬਣੀ ਵੇਖਣ ਵਾਸਤੇ ਰੁਪਯਾ ਪ੍ਰਦਾਨ ਕੀਤਾ ਦੇਵਣ ਇਸ ਬਾਤ ਲਈ ਕਿ ਜੋ ਵਿਦਿਆਰਥੀ ਸਕੂਲ ਵਿਚ ਅੱਛਾ ਰਹੇ ਉਸ ਨੂੰ ਵਜ਼ੀਫ਼ਾ ਦਿਤਾ ਜਾਵੇ - ਲਾਲਾ ਰਾਮ ਜਸ ਮੱਲ ਸਰਾਫ਼ - ਸਰਦਾਰ ਈਸਰ ਸਿੰਘ ਸਾਹਿਬ ਮਹੰਤ ਮਾਲਵਈ ਬੁੰਗਾ - ਸਰਦਾਰ ਬਘੇਲ ਸਿੰਘ ਸਾਹਿਬ ਰਈਸ ਮੁਨਸ਼ੀ ਗੁਲਾਬ ਸਿੰਘ ਸਾਹਿਬ ਮਾਲਕ ਮਤਬਾ ਮੁਫੀਦ ਆਮ ਲਾਹੌਰ, ਭਾਈ ਮੋਹਨ ਸਿੰਘ ਸਾਹਿਬ ਐਡੀਟਰ ਸਿੰਘ ਸਭਾ ਗਜ਼ਟ ਅੰਮ੍ਰਿਤਸਰ - ਭਾਈ ਅਵਤਾਰ ਸਿੰਘ ਸਾਹਿਬ ਐਡੀਟਰ ਅਖ਼ਬਾਰ ਗੁਰਮੁਖੀ ਅੰਮ੍ਰਿਤਸਰ ਪੰਡਿਤ ਗੋਪੀ ਨਾਥ ਐਡੀਟਰ ਅਖ਼ਬਾਰ ਆਮ ਲਾਹੌਰ - ਭਾਈ ਸਰਦੂਲ ਸਿੰਘ ਸਾਹਿਬ ਗਿਆਨੀ - ਭਾਈ ਹਜ਼ਾਰਾ ਸਿੰਘ ਸਾਹਿਬ ਗਿਆਨੀ - ਭਾਈ ਅਤਰ ਸਿੰਘ ਸਾਹਿਬ ਗੈਬੀ - ਭਾਈ ਨਰੈਣ ਸਿੰਘ ਸਾਹਿਬ ਗੈਬੀ - ਇਸੀ ਪ੍ਰਕਾਰ ਅਕਾਲੀਏ ਅਤੇ ਪੁਜਾਰੀ ਸਿੰਘ ਸ੍ਰੀ ਅੰਮ੍ਰਿਤਸਰ ਜੀ ਸਨ

ਜੋ ਸਾਹਿਬ ਬਾਹਰੋਂ ਆਏ ਸਨ ਉਨ੍ਹਾਂ ਦੇ ਨਾਮ ਇਹ ਹਨ

ਲਾਹੌਰ

ਭਾਈ ਮੀਹਾਂ ਸਿੰਘ ਸਾਹਿਬ ਰਾਇ ਬਹਾਦਰ ਆਨਰੇਰੀ ਮਜਿਸਟ੍ਰੇਟ - ਭਾਈ ਗੁਰਦਿੱਤ ਸਿੰਘ ਸਾਹਿਬ ਰਈਸ - ਭਾਈ ਦਰਮ ਸਿੰਘ ਸਾਹਿਬ ਰਈਸ - ਭਾਈ ਜੁਵਾਹਰ ਸਿੰਘ ਸਾਹਿਬ ਸਕੱਤ੍ਰ ਖ਼ਾਲਸਾ ਕਾਲਜ ਕੌਂਸਲ - ਭਾਈ ਗੁਰਮੁਖ ਸਿੰਘ ਸਾਹਿਬ ਚੀਫ਼ ਸਕੱਤ੍ਰ ਖ਼ਾਲਸਾ ਦੀਵਾਨ ਲਾਹੌਰ - ਭਾਈ ਹਰ ਭਗਤ ਸਿੰਘ ਸਾਹਿਬ ਮੈਂਬਰ

ਸਿੰਘ ਸਭਾ ਲਾਹੌਰ।

ਭਾਈ ਮਈਆ ਸਿੰਘ ਸਾਹਿਬ ਮੈਂਬਰ ਸਿੰਘ ਸਭਾ ਲਾਹੌਰ॥

ਸਰਦਾਰ ਚੰਦਾ ਸਿੰਘ ਸਾਹਿਬ ਆਨਰੇਰੀ ਮਜਸਟਰੇਟ ਲਾਹੌਰ॥

ਭਾਈ ਪ੍ਰਤਾਪ ਸਿੰਘ ਸਕੱਤ੍ਰ ਸਿੰਘ ਸਭਾ ਲਾਹੌਰ॥

ਭਾਈ ਨਿਕਾ ਸਿੰਘ ਸਾਹਿਬ ਮੈਂਬਰ ਸਿੰਘ ਸਭਾ ਲਾਹੌਰ॥

ਭਾਈ ਮੇਹਰ ਸਿੰਘ ਚਾਵਲੇ ਸੌਦਾਗਰ ਅਨਾਰਕਲੀ ਲਾਹੌਰ॥

ਡਾਕਟਰ ਜੈ ਸਿੰਘ ਸਾਹਿਬ ਅਸਿਸਟੈਂਟ ਸਰਜਨ ਲਾਹੌਰ॥

ਭਾਈ ਗੁਲਾਬ ਸਿੰਘ ਸਾਹਿਬ ਠੇਕੇਦਾਰ ਵਾਲੇ ਲਾਹੌਰ ਮੁਫੀਦ ਆਮ ਪ੍ਰੈਸ ਵਾਲੇ॥

ਭਾਈ ਜੋ ਸਿੰਘ ਸਾਹਿਬ ਮਹੰਤ ਜਨਮ ਅਸਥਾਨ ਸ੍ਰੀ ਗੁਰੂ ਰਾਮ ਦਾਸ ਚੂਨੀ ਮੰਡੀ ਲਾਹੌਰ॥

ਭਾਈ ਉੱਤਮ ਸਿੰਘ ਸਾਹਿਬ ਕੈਰਨਮੋਗਾ ਜੈਮੀਨਰ ਲਾਹੌਰ॥

ਡਾਕਟਰ ਦਲੀਪ ਸਿੰਘ ਸਾਹਿਬ ਅਸੀਸਟੈਂਟ ਸਰਜਨ॥

ਭਾਈ ਦਿੱਤ ਸਿੰਘ ਗਿਆਨੀ ਪੰਜਾਬੀ ਪ੍ਰੋਫੈਸਰ ਓਰੀਐਂਟਲ ਕਾਲਜ ਲਾਹੌਰ॥

ਖਾਲਸਾ ਸਟੂਡੈਂਟ ਬੋਰਡਿੰਗ ਲਾਹੌਰ ਦੇ ਵਿਦਯਾਰਥੀ॥

ਸਿੰਘ ਸਭਾ ਅੰਬਾਲੇ ਦੇ

ਬਾਬੂ ਮੁਖਾ ਸਿੰਘ ਸਾਹਿਬ ਸੌਦਾਗਰ ਛਾਵਣੀ ਅੰਬਾਲਾ ਵਾਇਸ ਪ੍ਰੈਸੀਡੈਂਟ ਸਿੰਘ ਸਭਾ ਅੰਬਾਲਾ॥

ਸਰਦਾਰ ਅਤਰ ਸਿੰਘ ਸਾਹਿਬ ਸੁਪਰਵਾਈਜ਼ਰ ਵਾਇਸ ਪ੍ਰੈਸੀਡੈਂਟ ਸਿੰਘ ਸਭਾ ਅੰਬਾਲਾ

ਭਾਈ ਜਵਾਹਰ ਸਿੰਘ ਸਕੱਤ੍ਰ ਸਿੰਘ ਸਭਾ ਅੰਬਾਲਾ॥

ਰਾਵਲਪਿੰਡੀ

ਬਾਬਾ ਖੇਮ ਸਿੰਘ ਸਾਹਿਬ ਉਸਤਾਦ ਛਾਵਣੀ ਰਾਵਲਪਿੰਡੀ॥

ਸਰਦਾਰ ਭਗਵਾਨ ਸਿੰਘ ਸਾਹਿਬ ਸੌਦਾਗਰ ਸਦਰ ਬਜਾਰ॥

ਫੀਰੋਜਪੁਰ॥

ਭਾਈ ਤਖਤ ਸਿੰਘ ਸਾਹਿਬ ਗੁਰਮੁਖੀ ਮੁਦਰਸ ਸਿੰਘ ਸਭਾ ਫੀਰੋਜਪੁਰ॥

ਜਾਲੰਧਰ॥

ਬਾਬਾ ਸੁੰਦਰ ਸਿੰਘ ਸਾਹਿਬ ਮਾਸਟਰ ਜਲੰਧਰ ਨਾਰਮਲ ਸਕੂਲ॥

ਉਸ ਸਮਯ ਇਤਨੀ ਭੀੜ ਸੀ ਕੇ ਖੜੇ ਹੋਣ ਲਈ ਜਗਾਹ ਨਹੀਂ ਸੀ॥

ਇਸ ਤੇ ਮਗਰੋਂ ਸਭ ਸਰਦਾਰ ਅਤਰ ਸਿੰਘ ਸਾਹਿਬ ਕੇ, ਸੀ, ਆਈ, ਈ, ਨੇ ਖੜੇ ਹੋਕਰ ਸਕੂਲ ਦੇ ਖੁਲ੍ਹਣੇ ਪਰ ਅਨੰਦ ਪ੍ਰਗਟ ਕਰਕੇ ਮਿਸਟਰ ਬੁਲ ਸਾਹਿਬ ਬਹਾਦਰ ਨੂੰ ਇਸ ਜਲਸੇ ਦਾ ਪ੍ਰੈਸੀਡੈਂਟ ਮੁਕੱਰਰ ਕੀਤਾ ਜਿਸ ਪਰ ਮਿਸਟਰ ਬੁਲ ਸਾਹਿਬ ਨੇ ਖੜੇ ਹੋਕਰ ਕਹਾ ਕੀਤਾ ਕਿ ਹੁਣ ਇਸ ਜਲਸੇ ਦੀ ਕਾਰਰਵਾਈ ਨੂੰ ਸਕੱਤ੍ਰ ਸਾਹਿਬ ਕੌਂਸਲ ਆਪ ਸਾਹਿਬਾਂ ਨੂੰ ਸੁਨਾਉਣਗੇ। ਜਿਸ ਪਰ ਭਾਈ ਜਵਾਹਰ ਸਿੰਘ ਸਾਹਿਬ ਖਾਲਸਾ ਕਾਲਜ ਕੌਂਸਲ ਨੇ ਖੜੇ ਹੋਕਰ ਇਹ ਵਿਖਿਆਨ ਦਿੱਤਾ ਜਿਸਦਾ ਸੰਖੇਪ ਇਹ ਹੈ॥

ਸਾਹਿਬਾਨ ਮੈਨੂੰ ਵਡਾ ਅਨੰਦ ਹੈ ਕਿ ਮੈਂ ਅੱਜ ਆਪਦੇ ਸਾਮਣੇ ਖੜਾ ਹੋਕੇ ਖਾਲਸਾ ਸਕੂਲ ਦੇ ਖੋਲ੍ਹਣੇ ਦੇ ਬਾਬਤ ਵਿੱਚ ਕੁੱਛ ਕਹਿਣਾ ਚਾਹੁੰਦਾ ਹਾਂ॥

ਮਜਹਬੀ ਰਸਮਤ ਸ਼ੁਦਾਏ ਸਕੂਲ ਦੇ ਮਕਾਨ ਪੂਰੇ ਹੋ ਚੁਕੇ ਹੈ ਪਰ ਹੁਣ ਅਸੀਂ ਖਾਲਸਾ ਸਕੂਲ ਦੇ ਖੋਲ੍ਹਨ ਲਈ ਇਕੱਠੇ ਹੋਏ ਹਾਂ ਅਤੇ ਇਹ ਬੜੀ ਖੁਸ਼ੀ ਇਸ ਤੇ ਭੀ ਵਧਕੇ ਹੁੰਦੀ ਜੇ ਇਸ ਮੌਕੇ ਪਰ ਪ੍ਰੈਸੀਡੈਂਟ ਕੌਂਸਲ ਰਾਜਾ ਗਨ ਸਾਹਿਬ ਏਥੇ ਹੁੰਦੇ ਜੋ ਇਸ ਕੰਮ ਵਿੱਚ ਬਹੁਤ ਸਹਾਇਤਾ ਕਰਦੇ ਹਨ।

ਖਾਲਸਾ ਕਾਲਜ ਦੀ ਤਾਰੀਖ ਪੰਜਾਬ ਦੀਆਂ ਸਿੰਘ ਸਭਾ ਦੇ ਬਨਾਉਣ ਦੀ ਤਾਰੀਖ ਹੈ ਪਰ ਮੇਰੇ ਪਾਸ ਇਤਨਾ ਸਮਯ ਨਹੀਂ ਜੋ ਮੈਂ ਸਾਰਾ ਹਾਲ ਖੋਲਕੇ ਦੱਸਾਂ ਸਿਖ ਕੌਮ ਨੇ ਥੋੜੇ ਹੀ ਅਰਸੇ ਵਿੱਚ ਪੰਜਾਬ ਦੀ ਮਜਹਬੀ ਅਤੇ ਮੁਲਕੀ ਤਾਰੀਖ ਵਿਚ ਕੁੱਛ ਘਾਟ ਹਿੱਸਾ ਨਹੀਂ ਲਿਆ ਅਤੇ ਏਸ਼ੀਆ ਦੀ ਕੌਮਾਂ ਵਿਚ ਇਕ ਕੌਮ ਕਹਾਉਣ ਦਾ ਦਾਵਾ ਪੂਰਾ ਕਰ ਲਿਆ ਹੈ ਇਸ ਕੌਮ ਦੇ ਆਦਮੀ ਵਡੇ ਮਹਾਤਮਾ ਵਡੇ ਸਿਪਾਹੀ ਅਤੇ ਵਡੇ ਹਾਕਮ ਹੋਏ ਅਤੇ ਹੁਣ ਤੀਕ ਨਿਮਕ ਹਲਾਲ ਵਿਖਾਈਆ ਹਨ ਜਿਸ ਤੇ ਹਜੀ ਬਰਸਾਂ ਤੇ ਪਿੱਛੇ ਗਦਰ ਨਮਿਫ੍ਰਿ ਕੋਈ ਨਿਮਕ ਹਲਾਲ ਸਿਖ ਨਹੀਂ ਮਿਲਿਆ ਪਰੰਤੂ ਬਦ ਕਿਸਮਤੀ ਨਾਲ ਸਿਖਾਂ ਦੀਆਂ ਆਦਤਾਂ ਅਤੇ ਗੁਣਾਂ ਵਿਚ ਨੁਕਸਾਨ ਹੋ ਰਹਿਆ ਹੈ ਅਤੇ ਪੁਰਾਣੇ ਸਿੱਕੇ ਦੇ ਸਿੱਖ ਖ਼ਤਮ ਹੁੰਦੇ ਚਲੇ ਜਾਂਦੇ ਹਨ ਇਨਾਂ ਦੀ ਇਖਲਾਕੀ ਅਤੇ ਮਜਹਬੀ ਹਾਲਤ ਇਸ ਤਰਾਂ ਬਦਲ ਗਈ ਹੈ ਮਾਨੋ ਕਾਂਇਆ ਪਲਟ ਗਈ ਹੈ ਉਪਰਲੇ ਦਰਜੇ ਦੇ ਸਿੱਖਾਂ ਵਿਚ ਇਹ ਖਰਾਬੀਆਂ ਜਿਆਦਾ ਹੀ ਕੰਮ ਕਰ ਰਹੀਆਂ ਹਨ, ਜੋ ਨਵੇਂ ਢੰਗ ਦੇ ਆਦਮੀ ਪੈਦਾ ਹੋ ਗਏ ਹਨ ਜੋ ਨਾ ਸਿੱਖ ਹਨ ਅਤੇ

ਨਾ ਕੁਛ ਹੋਰ-ਉਨਾਂ ਦੀ ਇਸ ਹਾਲਤ ਨੂੰ ਦੇਖਕੇ ਅਤੇ ਸੁਧਾਰ ਨੂੰ ਦੇਖਕੇ ਖਿਆਲ ਆਉਂਦਾ ਹੈ ਜੋ ਸਦੀਆਂ ਚਾਹੀਦੀਆਂ ਹਨ ਜੋ ਉਸ ਹਾਲਤ ਪਰ ਪਹੁੰਚਾਏ ਜਾਨ ।। ਜਿਸ ਪਰ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਛੱਡੇ ਸਨ-ਸਗੋਂ ਕਦਮ ਪਿਛੇ ਜਾਂਦਾ ਹੈ, ਫੌਜੀ ਅਫਸਰਾਂ ਨੂੰ ਚੰਗੇ ਰੰਗਰੂਟ ਭੀ ਨਹੀਂ ਮਿਲਦੇ ਜੇ ਏਹੋ ਹਾਲ ਰਿਹਾ ਤਾਂ ਸਿੱਖਾਂ ਵਾਸਤੇ ਬਹੁਤ ਨੁਕਸਾਨ ਦੇਹ ਗਾ, ਪੁਰਾਣੇ ਸਿੱਖਾਂ ਵਿਚ ਅਤੇ ਅੱਜ ਦੇ ਸਿੱਖਾਂ ਵਿਚ ਵੱਡਾ ਫਰਕ ਹੈ ਸੰ. ੧੮੫੦ ਦੇ ਸਿੱਖਾਂ ਦਾ ਨਮੂਨਾ ਅੱਜ ਕੱਲ ਔਖਾ ਮਿਲੇਗਾ ਬਲਕਿ ਹੀ ਨਹੀਂ ਬਲਕੇ ਗਿਣਤੀ ਵਿਚ ਭੀ ਘਟਦੇ ਜਾਂਦੇ ਹਨ. ਡਾਕਟਰ ਟਰੰਪ ਦਾ ਇਹ ਕਥਨ ਕਿ ਸਿੱਖਾਂ ਦਾ ਮਜ਼ਹਬ ਘਟਦਾ ਜਾਂਦਾ ਹੈ ਅਰ ਛੇਤੀ ਹੀ ਇਕ ਤਵਾਰੀਖੀ ਬਾਤ ਰਹਿ ਜਾਏਗੀ ਕਰੀਬਨ ਸੱਚਾ ਹੋਇ ਜਾਏਗਾ ਜੇ ਬਚਾਉ ਦੀਆਂ ਸੂਰਤਾਂ ਨ ਕੀਤੀਆਂ ਗਈਆਂ, ਪਰ ਸਾਨੂੰ ਯਕੀਨ ਹੈ ਜੋ ਗੁਰੂ ਸਾਹਿਬ ਦੀਆਂ ਕੋਸ਼ਿਸ਼ਾਂ ਇਸ ਪੰਥ ਵਾਸਤੇ ਖਾਲੀ ਨਹੀਂ ਜਾਨਗੀਆਂ ਅਰ ਅਕਾਲ ਪੁਰਖ ਸਦਾ ਹੀ ਆਪਣੀ ਪਿਆਰੀ ਭੁਲੀ ਕੌਮ ਦੀ ਰਖਿਆ ਕਰਦਾ ਹੈ ਜਦ ਉਨਾਂ ਦੇ ਜਾਨ ਦਾ ਸਮਾਂ ਦੇਖਦਾ ਹੈ ਸਿਖ ਲੋਗ ਸਦਾ ਹੀ ਜੰਗੀ ਕੌਮ ਵਿੱਚ ਮੁਫੀਦ ਰਹੇ ਹਨ ਅਰ ਦੁਨੀਆਂ ਨੇ ਫਤਵਾ ਦੇ ਦਿਤਾ ਹੈ ਕਿ ਸਿੱਖਾਂ ਜੇਹਾ ਹੋਰ ਕੋਈ ਬਹਾਦਰ ਨਹੀਂ ਹੈ ਅਜੇਹੀ ਕੌਮ ਮਰਨੀ ਨਹੀਂ ਚਾਹੀਏ ਸਰਕਾਰ ਆਲੀ ਦੇ ਹੋਵੇਗੀ ਜੋ ਇਸਦੇ ਬਚਾਉ ਦੀਆਂ ਸੂਰਤਾਂ ਪੈਦਾ ਕੀਤੀਆਂ ਜਾਨ, ਜਿਨ ਸਤਵੰਜਾ ਦੇ ਗਦਰ ਵਿਚ ਜਦ ਇਨਾਂ ਦੀ ਸਖਤ ਜ਼ਰੂਰਤ ਹੋਈ ਸੀ ਤਦ ਇਨਾਂ ਨੇ ਸਰਕਾਰ ਦੀ ਕੇਹੀ ਮਦਦ ਕੀਤੀ ਸੀ-ਤਲਵਾਰਾਂ ਪਕੜਕੇ ਤਖਤ ਕੈਸਰੀ ਦੀ ਸਹਾਇਤਾ ਕੀਤੀ-

ਉਹ ਮਜ਼ਬੂਤ ਸਿੱਖ ਹੁਣ ਕਿਥੇ ਹਨ ਅਰ ਉਹ ਸਿਖ ਰਈਸ ਜੋ ਸਤਾਰਿਆਂ ਦੀ ਤਰਾਂ ਸਰਕਾਰ ਅੰਗ੍ਰੇਜ਼ੀ ਦੇ ਰਾਜ ਵਿਚ ਚਮਕਦੇ ਸੇ ਕਿਥੇ ਹਨ-ਬਹੁਤ ਚਲੇ ਗਏ ਬਾਕੀ ਦੇ ਜਾ ਰਹੇ ਹਨ-ਸਾਰੀ ਖਰਾਬੀਆਂ ਦੀ ਜੜ ਤਾਲੀਮ ਦਾ ਨਾ ਹੋਣਾ ਹੈ-ਜੋ ਕੌਮ ਆਪਣੇ ਮਜ਼ਹਬ ਦੇ ਅਸੂਲਾਂ ਤੇ ਬੇਖਬਰ ਹੋ ਪਦਾ ਕਬ ਵਿਦਿਆ ਨਾ ਜਾਨਦੀ ਹੋਵੇ ਅੱਜ ਕੁਲ ਬੁਰਿਆਈਆਂ ਵਿਚ ਪਈ ਹੋਵੇ ਉਹ ਕਦ ਤੱਕ ਕਾਇਮ ਰਹਿ ਸਕਦੀ ਹੈ-ਸਿਖ ਲੋਕ ਆਵਿਦਿਆ ਦੇ ਖੱਡੇ ਵਿਚ ਡਿੱਗੇ ਹੋਏ ਹਨ ਇਨਾਂ ਦਾ ਕਢਣਾ ਜ਼ਰੂਰੀ ਹੈ ਅੱਜ ਕੱਲ ਦੇ ਮਦਰਸੇ ਫਾਇਦਾ ਨਹੀਂ ਪਹੁੰਚਾ ਸਕਦੇ ਜੋ ਪੜ੍ਹ ਕਰ ਨਿਕਲਦੇ ਹਨ ਸੋ ਆਪਣੇ ਬਾਪ ਦਾਦੇ ਦੀ ਚਾਲ ਨੂੰ ਨਫਰਤ ਕਰਦੇ ਹਨ-ਕਾਰਨ ਇਹ ਹੈ ਜੋ ਮਜ਼ਹਬੀ ਤਾਲੀਮ ਨਹੀਂ ਹੁੰਦੀ ਅੱਛੀ ਤਾਲੀਮ ਦੇ ਵਾਸਤੇ ਅੱਛੇ ਇਖਲਾਕ ਦੀ ਅਤੇ ਮਜ਼ਹਬੀ ਤਾਲੀਮ ਦੀ ਲੋੜ ਹੈ ਜੋ ਬਚਪਨ ਵਿਚ ਹੀ ਸਿਖਾਈ ਜਾਂਦੀ ਹੈ-ਮਜ਼ਹਬੀ ਤਾਲੀਮ ਦੇ ਨ ਹੋਣ ਕਰਕੇ ਕਈ ਕੁਰਾਂ ਬਰਬਾਦ ਹੋ ਗਈਆਂ ਹਨ-ਅੱਜ ਕੱਲ ਦੀ ਤਾਲੀਮ ਏਹੋ ਜੇਹੀ ਹੈ ਜੋ ਹੌਲੀ ੨ ਇਸ ਕੌਮ ਨੂੰ ਖਤਮ ਕਰ ਦੇਵੇਗੀ ਇਨਾਂ ਹਾਲਤਾਂ ਨੂੰ ਦੇਖਕੇ ਕਈ ਸਾਲ ਤੋਂ ਕ ਖਾਲਸਾ ਕਾਲਜ ਦੇ ਬਾਨੀਆਂ ਦੇ ਚਿਤ ਵਿੱਚ ਬਹੁਤ ਗੰਭੀਰਤਾ ਖਿਆਲ ਕਿਹਾ ਜਿਸਤੇ ੨੪ ਫਰਵਰੀ ਸੰਨ [illegible] ਨੂੰ ਖਾਲਸਾ ਦੀਵਾਨ ਲਾਹੌਰ ਨੇ ਇਕ ਕੁਝ ਪੁਰਖਾਂ ਦੀ ਕਮੇਟੀ ਬਣਾਈ ਜਿਸ ਦਾ ਨਾਮ ਖਾਲਸਾ ਕਾਲਜ ਵਿਆਪਕ ਸੀ ਅਰ ਉਸਦਾ ਪ੍ਰੈਜ਼ੀਡੈਂਟ ਕਰਨਲ ਹਾਲ ਸਾਹਿਬ ਸੀ-ਮੈਂ ਇਸ ਤਵਾਰੀਖ ਦੇ ਦੇਸਨੇ ਵਿੱਚ ਇਥੋਂ ਤੱਕ ਹੀ ਰਹਾਂਗਾ ਅਤੇ ਨਹੀਂ ਜਾਵਾਂਗਾ-ਕਮੇਟੀ ਬਨਨੇ ਪਰ ਸਕੀਮ ਬਨੀ-ਸਬ ਕਮੇਟੀਆਂ ਨਗਰਾਂ ਵਿੱਚ ਚੰਦੇ ਲਈ ਬਨਾਈਆਂ ਅਪੀਲਾਂ ਦਿੱਤੀਆਂ ਇਨਾ ਸਬ ਕਮੇਟੀਆਂ ਵਿੱਚੋਂ ਪਟਿਆਲਾ ਅੰਬਾਲਾ-ਅੰਮ੍ਰਿਤਸਰ-ਲਾਹੌਰ-ਗੁਜਰਾਂ ਵਾਲਾ-ਫੀਰੋਜ਼ਪੁਰ ਨੇ ਚੰਦਾ ਇਕੱਠਾ ਕੀਤਾ-

ਪ੍ਰਤਿਸ਼ਟਤ ਸਿੱਖ ਮੈਂਬਰਾਂ ਦੇ ਡੇਪੂਟੇਸ਼ਨ ਸ੍ਰੀ ਹਜ਼ੂਰ ਮਹਾਰਾਜਾ ਪਟਿਆਲਾ ਨਾਭਾ, ਜੀਂਦ-ਕਪੂਰਥਲਾ-ਪਾਸ ਗਏ ਇਨਾ ਸਹਾਇਤਾ ਮਦਦ ਦਿੱਤੀ ਜਿਸ ਲਈ ਉਨਾਂ ਦੇ ਸ਼ੁਕਰ ਗੁਜ਼ਾਰ ਹਨ ਅਤੇ ਉਮੈਦ ਰਖਦੇ ਹਨ ਜੋ ਹੋਰ ਰਿਆਸਤਾਂ ਭੀ ਉਨਾਂ ਦੀ ਮਦਦ ਦੇਨਗੀਆਂ-ਪੰਜਾਬ ਰਿਆਸਤਾਂ ਦੇ ਅਹਿਲਕਾਰਾਂ ਅਤੇ ਪਰਜਾ ਨੇ ਭੀ ਮਦਦ ਦਿਤੀ ਜੈਸਾ ਪਟਿਆਲਾ ਨੇ ਸਤ ਹਜ਼ਾਰ-ਨਾਭੇ ਦੀ ਪਰਜਾ ਨੇ ਤੀਹ ਹਜ਼ਾਰ-ਕਪੂਰਥਲਾ ਤੀਹ ਹਜ਼ਾਰ-ਜੀਂਦ ਵਿਚ ਭੀ ਉਮੈਦ ਹੈ ਜੋ ਛੇਤੀ ਸੁਨੇਗੀ ਜੋ ਚੰਦਾ ਕਰ ਲੀਤਾ ਹੈ ਮੈਂ ਖੁਸ਼ੀ ਜ਼ਾਹਰ ਪ੍ਰਗਟ ਕਰਦਾ ਹਾਂ-ਜੋ ਹਜ਼ੂਰ ਵਾਇਸਰਾਇ ਸਾਹਿਬ ਔਰ ਔਨਰੇਬਲ ਲਾਇਲ ਸਾਹਿਬ-ਪੋਲੀਸ ਲਾਟ ਸਾਹਿਬ ਨੇ ਪੰਜ ੨ ਸੌ, ਹਜ਼ੂਰ ਲਾਰਡ ਰੌਬਰਟ ਸਾਹਿਬ ਕਮਾਂਡਰ ਇਨ ਚੀਫ ਨੇ ਦੋ ਸੌ ਖੁਦ ਦਿੱਤਾ ਅਰ ਖਾਲਸਾ ਦੀਵਾਨ ਲਾਹੌਰ ਨੂੰ ਸਿੱਖਾਂ ਦੀਆਂ ਫੌਜਾਂ ਵਿੱਚੋਂ ਚੰਦਾ ਕੱਠਾ ਕਰਨ ਦੀ ਆਗਿਆ ਦਿੱਤੀ-ਅਸੀਂ ਹੋਰ ਭੀ ਕਈ ਅੰਗ੍ਰੇਜ਼ਾਂ ਤੇ ਚੰਦੇ ਲੀਤੇ ਹਨ ਪੰਜੀ ਰੁਪਏ ਤੇ ਲੈਕੇ ਹਜ਼ਾਰ ਰੁਪਏ ਤੱਕ ਅਸੀਂ ਸਭ ਦੇ ਸ਼ੁਕਰ ਗੁਜ਼ਾਰ ਹਾਂ (ਅਗੋਂ ਹੈ)

ਮਤਬੇਂ ... ਲਾਹੌਰ ਮੇਂ ... ਖਾਲਸਾ ਅਖਬਾਰ ਕੇ ਅਧਿਕਾਰ ਸੇ ਛਪਾ